ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

*Since April 2005* Editor : Sharanjit Singh Thind *Weekly*

Vol. 20 Issue 38 Friday July 14 to July 20, 2023 Published Weekly from New York www.PUNJABIDUNIYA.com




# ਪੰਜਾਬ ’ਚ ਸਾਫ਼ ਹੋਇਆ ਮੌਸਮ ਪਾਣੀ ਘਟਣ ਕਾਰਨ ਲੋਕਾਂ ਨੂੰ ਮਿਲੀ ਰਾਹਤ

## ਸਰਕਾਰਾਂ ਨੇ ਰਾਹਤ ਕਾਰਜਾਂ ’ਚ ਲਿਆਂਦੀ ਤੇਜ਼ੀ



ਚੰਡੀਗੜ੍ਹ :ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਤੋਂ ਬਾਅਦ ਅੱਜ ਲੋਕਾਂ ਨੂੰ ਕੁਝ ਰਾਹਤ ਮਿਲੀ, ਹਾਲਾਂਕਿ ਦਰਿਆਵਾਂ ਵਿਚ ਪਾਣੀ ਲਗਾਤਾਰ ਚੜ੍ਹ ਰਿਹਾ ਹੈ ਪਰ ਸਰਕਾਰ ਵੱਲੋਂ ਅਹਿਤਿਆਤੀ ਤੌਰ ’ਤੇ ਚੁੱਕੇ ਜਾ ਰਹੇ ਕਦਮਾਂ ਦੇ ਕਾਰਨ ਹੁਣ ਅਜਿਹਾ ਲਗ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਦਰਿਆਵਾਂ ਦੇ ਪਾਣੀ ਦੇ ਪੱਧਰ ’ਚ ਕਮੀ ਆ ਜਾਵੇਗੀ। ਇਸ ਦਾ ਕਾਰਨ ਇਹ ਵੀ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਬਾਰਿਸ਼ ਦੀ ਤੀਬਰਤਾ ਘਟੀ ਹੈ। ਜਿਸ ਕਾਰਨ ਭਾਖੜਾ ਅਤੇ ਪੌਂਗ ਡੈਮ ਵਿੱਚ ਓਨਾ ਪਾਣੀ ਨਹੀਂ ਪੁੱਜ ਰਿਹਾ ਜਿੰਨ੍ਹਾ ਕਿ ਪਹਿਲਾਂ ਪੁੱਜ ਰਿਹਾ ਸੀ ਇਸ ਤੋਂ ਇਲਾਵਾ ਬਿਆਸ-ਭਾਖੜਾ ਮੈਨੇਜਮੈਂਟ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਇਹ ਦੋਵੇਂ ਬੰਨ੍ਹ ਆਪਣੀ ਸਮਰਥਾ ਤੋਂ ਹੇਠਾਂ ਚੱਲ ਰਹੇ ਹਨ। ਇਸ ਲਈ ਹੁਣ ਲਗਦਾ ਇਹ ਹੈ ਕਿ ਇਨ੍ਹਾਂ ਬੰਨ੍ਹਾਂ ਤੋਂ ਪਾਣੀ ਨਹੀਂ ਛੱਡਿਆ ਜਾਵੇਗਾ। ਇਸ ਆਫ਼ਤ ਕਾਰਨ ਕਰੋੜਾਂ ਦੀ ਜਾਇਦਾਦ ਦਾ ਨੁਕਸਾਨ ਹੋਇਆ ਅਤੇ 10 ਵਿਅਕਤੀਆਂ ਦੀ ਜਾਨ ਚਲੀ ਗਈ।ਅੱਜ ਜ਼ਿਆਦਾਤਰ ਥਾਵਾਂ ਉਤੇ ਮੌਸਮ ਸਾਫ਼ ਰਿਹਾ, ਜਿਸ ਨਾਲ ਲੋਕਾਂ ਨੇ ਸੁੱਖ ਦਾ ਸਾਹ ਲਿਆ। ਹਾਲਾਂਕਿ ਅਗਲੇ ਦਿਨਾਂ ਬਾਰੇ ਮੌਸਮ ਵਿਭਾਗ ਦੀ ਭਵਿੱਖਬਾਣੀ ਚਿੰਤਾ ਵਧਾਉਣ ਵਾਲੀ ਹੈ। ਮੌਸਮ ਵਿਭਾਗ ਵੱਲੋਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿਚ 13-14 ਜੁਲਾਈ ਨੂੰ ਬਾਰਸ਼ ਦੀ ਭਵਿੱਖਬਾਣੀ ਕੀਤੀ ਹੈ।ਵਿਭਾਗ ਨੇ ਦੁਆਬਾ ਖੇਤਰ ਲਈ ਯੈਲੋ ਅਰਲਟ, ਪੂਰਬ ਮਾਲਵਾ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ ਜਲੰਧਰ ਆਦਿ ਸ਼ਹਿਰਾਂ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ, ਜਦੋਂ ਕਿ ਪੂਰਬ ਮਾਲਵਾ ਦੇ ਲੁਧਿਆਣਾ, ਮਾਨਸਾ, ਬਰਨਾਲਾ, ਸੰਗਰੂਰ, ਮਲੇਰਕੋਟਲਾ, ਫਤਿਹਗੜ੍ਹ ਸਾਹਿਬ, ਰੋਪੜ, ਪਟਿਆਲਾ ਤੇ ਮੁਹਾਲੀ ਵਿਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਉਧਰ, ਘੱਗਰ ਅਤੇ ਸਤਲੁਜ ਦਰਿਆਵਾਂ ਤੋਂ ਇਲਾਵਾ ਸਰਹਿੰਦ ਨਹਿਰ ’ਚ ਪਾਣੀ ਦਾ ਪੱਧਰ ਇਕਦਮ ਵਧਣ ਕਾਰਨ ਕਈ ਜ਼ਿਲ੍ਹਿਆਂ ਵਿਚ ਹਾਲਾਤ ਬੇਕਾਬੂ ਹੋ ਗਏ ਹਨ। ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ ਅਤੇ ਮੁਹਾਲੀ ਜ਼ਿਲ੍ਹਿਆਂ ਦਾ ਵੱਡਾ ਹਿੱਸਾ ਪਾਣੀ ਵਿਚ ਡੁੱਬ ਗਿਆ ਹੈ। ਵੇਰਵਿਆਂ ਅਨੁਸਾਰ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਕਰੀਬ 100 ਤੋਂ ਜ਼ਿਆਦਾ ਪਿੰਡ ਖ਼ਾਲੀ ਕਰਵਾਏ ਜਾ ਰਹੇ ਹਨ। ਕੌਮੀ ਆਫ਼ਤ ਪ੍ਰਬੰਧਨ ਬਲ ਦੀਆਂ 14 ਟੀਮਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ ਜਦੋਂ ਕਿ ਪਟਿਆਲਾ ਜ਼ਿਲ੍ਹੇ ਵਿਚ ਫ਼ੌਜ ਦੀ ਮਦਦ ਲਈ ਗਈ ਹੈ। ਲਗਾਤਾਰ ਮੀਂਹ ਕਾਰਨ ਕਈ ਜ਼ਿਲ੍ਹਿਆਂ ਵਿੱਚ ਪਾਣੀ ਘਰਾਂ ਵਿੱਚ ਵੜ ਗਿਆ ਅਤੇ ਫ਼ਸਲਾਂ ਅਤੇ ਸਬਜ਼ੀਆਂ ਦਾ ਭਾਰੀ ਨੁਕਸਾਨ ਹੋਇਆ। ਪੰਜਾਬ ’ਚ ਸਭ ਤੋਂ ਪ੍ਰਭਾਵਿਤ ਰੂਪਨਗਰ ਜ਼ਿਲ੍ਹਾ ਹੋਇਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰੂਪਨਗਰ, ਪਟਿਆਲਾ, ਮੁਹਾਲੀ, ਅੰਬਾਲਾ ਅਤੇ ਪੰਚਕੂਲਾ ਸਮੇਤ ਦੋਵਾਂ ਰਾਜਾਂ ਦੇ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਰਾਹਤ ਕੈਂਪ ਸਥਾਪਤ ਕੀਤੇ ਗਏ ਹਨ ਅਤੇ ਦੋਵਾਂ ਰਾਜਾਂ ਦੇ ਮੁੱਖ ਮੰਤਰੀ ਸਥਿਤੀ ਦੀ ਨਿਗਰਾਨੀ ਕਰ ਰਹੇ ਹਨ।

# ਮੁੱਖ ਮੰਤਰੀ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤਾਂ ਲਈ ਵੱਡੀ ਪੱਧਰ ’ਤੇ ਰਾਹਤ ਕਾਰਜ ਜਾਰੀ

ਚੰਡੀਗੜ੍ਹ :ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਰਾਹਤ ਕਾਰਜ ਤੇਜ਼ ਕਰ ਦਿੱਤੇ ਗਏ ਹਨ। ਲੋਕਾਂ ਦੀ ਜਾਨ-ਮਾਲ ਨੂੰ ਬਚਾਉਣ ਦੇ ਨਾਲ-ਨਾਲ ਪਸ਼ੂ ਧਨ ਦੀ ਸੁਰੱਖਿਆ ਲਈ ਵੀ ਪ੍ਰਭਾਵਸ਼ਾਲੀ ਯਤਨ ਕੀਤੇ ਜਾ ਰਹੇ ਹਨ। ਇਕ ਬੁਲਾਰੇ ਨੇ ਦੱਸਿਆ ਕਿ ਰੋਪੜ, ਪਟਿਆਲਾ, ਲੁਧਿਆਣਾ, ਮੋਹਾਲੀ, ਫਤਹਿਗੜ੍ਹ ਸਾਹਿਬ, ਮੋਗਾ, ਜਲੰਧਰ, ਫਿਰੋਜ਼ਪੁਰ, ਕਪੂਰਥਲਾ, ਤਰਨ ਤਾਰਨ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਸੀਨੀਅਰ ਵੈਟਰਨਰੀ ਅਫਸਰਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਜ਼ਿਲ੍ਹਾ ਦਵਾਈਆਂ ਖਰੀਦ ਕੇ ਭੇਜ ਦਿੱਤੀਆਂ ਹਨ, ਤਾਂ ਜੋ ਪਸ਼ੂਆਂ ਦੀ ਸਿਹਤ ਦਾ ਖਿਆਲ ਰੱਖਿਆ ਜਾ ਸਕੇ। ਇਸ ਤੋਂ ਇਲਾਵਾ ਵੈਟਰਨਰੀ ਡਾਕਟਰਾਂ ਤੇ ਹੋਰ ਸਟਾਫ਼ ਆਧਾਰਤ ਰੈਪਿਡ ਰਿਸਪਾਂਸ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਹੈ ਜਿਨ੍ਹਾਂ ਦੀ ਤੈਨਾਤੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਕੀਤੀ ਗਈ ਹੈ। ਜੇਕਰ ਲੋੜ ਪੈਂਦੀ ਹੈ ਤਾਂ ਪਸ਼ੂਆਂ ਦੇ ਚਾਰੇ ਦਾ ਵੀ ਪ੍ਰਬੰਧ ਕਰ ਲਿਆ ਜਾਵੇਗਾ।

ਬੁਲਾਰੇ ਨੇ ਦੱਸਿਆ ਕਿ ਸਿਹਤ ਵਿਭਾਗ ਨੇ ਵੀ ਮਨੁੱਖੀ ਜਾਨਾਂ ਦੀ ਰੱਖਿਆ ਲਈ ਹਸਪਤਾਲਾਂ ਨੂੰ ਗਰਾਂਟ ਜਾਰੀ ਕਰ ਦਿੱਤੀ ਹੈ, ਤਾਂ ਜੋ ਲੋੜੀਂਦੀਆਂ ਦਵਾਈਆਂ ਦੀ ਪੂਰਤੀ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹਸਪਤਾਲਾਂ ਨੂੰ 12.5 ਲੱਖ ਰੁਪਏ ਜਾਰੀ ਕੀਤੇ ਗਏ ਹਨ, ਤਾਂ ਜੋ ਜੇਕਰ ਲੋੜ ਪੈਂਦੀ ਹੈ, ਤਾਂ ਐਮਰਜੈਂਸੀ ਹਾਲਾਤਾਂ ਨਾਲ ਨਜਿੱਠਿਆ ਜਾ ਸਕੇ। ਇਸ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਵਿਚ ਰੈਪਿਡ ਰਿਸਪਾਂਸ ਟੀਮਾਂ ਬਣਾ ਦਿੱਤੀਆਂ ਗਈਆਂ ਹਨ ਅਤੇ ਨੋਡਲ ਅਧਿਕਾਰੀਆਂ ਦੀ ਤੈਨਾਤੀ ਕਰ ਦਿੱਤੀ ਗਈ ਹੈ ਤਾਂ ਜੋ ਰਾਹਤ ਕਾਰਜਾਂ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕੀਤਾ ਜਾ ਸਕੇ। ਸਾਰੇ ਜ਼ਿਲ੍ਹਿਆਂ ਵਿਚ ਕੰਟਰੋਲ ਰੂਮ ਸਥਾਪਤ ਕਰਕੇ ਨੰਬਰ ਜਾਰੀ ਕੀਤੇ ਜਾ ਚੁੱਕੇ ਹਨ।



ਉਨ੍ਹਾਂ ਕਿਹਾ ਕਿ ਜਿਹਨਾਂ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਗੰਭੀਰ ਹੈ ਉੱਥੇ ਸਥਾਈ ਮੈਡੀਕਲ ਕੈਂਪ ਸਥਾਪਿਤ ਕੀਤੇ ਗਏ ਹਨ। ਇਸ ਦੇ ਨਾਲ ਹੀ ਸਿਵਲ ਸਰਜਨ ਅਤੇ ਰੈਪਿਡ ਰਿਸਪਾਂਸ ਟੀਮਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਤਾਲਮੇਲ ਨਾਲ ਵੱਧ ਖਤਰੇ ਵਾਲੇ ਪਿੰਡਾਂ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਯਤਨਸ਼ੀਲ ਹਨ। ਪਾਣੀ ਘਟਣ ਤੋਂ ਬਾਅਦ ਵੈਕਟਰ-ਬੋਰਨ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਲਾਰਵੀਸਾਈਡ ਦਾ ਛਿੜਕਾਅ ਕੀਤਾ ਜਾਵੇਗਾ। ਸਾਰੇ ਜ਼ਿਲ੍ਹਿਆਂ ਨੂੰ ਪਹਿਲਾਂ ਹੀ ਲਾਰਵੀਸਾਈਡਜ਼, ਅਡੱਲਟੀਸਾਈਡਜ਼ ਅਤੇ ਪੰਪ ਮੁਹੱਈਆ ਕਰਵਾਏ ਜਾ ਚੁੱਕੇ ਹਨ । ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ 7500 ਤੋਂ ਵੱਧ ਮੈਡੀਕਲ ਸਟਾਫ਼ ਤਾਇਨਾਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਹੜ੍ਹਾਂ ਨਾਲ ਨਜਿੱਠਣ ਲਈ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਕੁੱਲ 33.50 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਇਸ ਕੁਦਰਤੀ ਆਫਤ ਵਿਚ ਸਰਕਾਰ ਪੰਜਾਬ ਵਾਸੀਆਂ ਦੇ ਨਾਲ ਹੈ ਅਤੇ ਸਾਰੇ ਪ੍ਰਭਾਵਿਤ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਕੀਤੀ ਜਾ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਰਾਹਤ ਕਾਰਜਾਂ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਐਨਡੀਆਰਐਫ ਦੀਆਂ 14 ਟੀਮਾਂ ਅਤੇ ਐਸਡੀਆਰਐਫ ਦੀਆਂ 2 ਟੀਮਾਂ ( ਜਲੰਧਰ ਅਤੇ ਕਪੂਰਥਲਾ) ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਕਾਰਜਸ਼ੀਲ ਹਨ। ਇਨ੍ਹਾਂ ਵਿਚੋਂ ਐਨਡੀਆਰਐਫ ਦੀਆਂ 3 ਟੀਮਾਂ ਮੋਹਾਲੀ ’ਚ, ਰੂਪਨਗਰ ਵਿਚ 5, ਪਟਿਆਲਾ ’ਚ 2, ਜਲੰਧਰ, ਫਤਿਹਗੜ੍ਹ, ਸੰਗਰੂਰ ਤੇ ਐਸਬੀਐਸ ਨਗਰ ’ਚ 1-1 ਟੀਮਾਂ ਤੈਨਾਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ 3 ਟੀਮਾਂ ਨੂੰ ਅਲਰਟ ’ਤੇ ਰੱਖਿਆ ਗਿਆ ਹੈ। ਸੋਮਵਾਰ ਰਾਤ ਤੱਕ 9000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਗਿਆ ਹੈ। ਖੁਰਾਕ ਸਪਲਾਈ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਾਲੇ ਖੇਤਰਾਂ ਜਿਵੇਂ ਮੋਹਾਲੀ, ਜਲੰਧਰ, ਲੁਧਿਆਣਾ, ਪਟਿਆਲਾ, ਰੂਪਨਗਰ, ਫਤਿਹਗੜ੍ਹ ਸਾਹਿਬ, ਤਰਨਤਾਰਨ, ਰੂਪਨਗਰ, ਕਪੂਰਥਲਾ, ਨਵਾਂਸ਼ਹਿਰ ਅਤੇ ਸੰਗਰੂਰ ਵਿੱਚ ਸੁੱਕੇ ਰਾਸ਼ਨ ਦੇ ਪੈਕੇਟ ਵੰਡੇ ਜਾ ਰਹੇ ਹਨ। ਇਹਨਾਂ ਪੈਕੇਟਾਂ ਵਿੱਚ ਗਲੂਕੋਜ਼ ਬਿਸਕੁਟ (2 ਪੈਕੇਟ), ਪਾਣੀ ਦੀਆਂ ਬੋਤਲਾਂ (2), ਸੁੱਕਾ ਦੁੱਧ ਪਾਊਡਰ (40 ਗ੍ਰਾਮ) ਜਾਂ ਵੇਰਕਾ ਫਿਨੋ ਦੇ 2 ਟੈਟਰਾ ਪੈਕ, ਬਰੈਡ (1 ਛੋਟਾ ਪੀਸ), ਪਿੰਨੀ (2 ਪੀਸ) ਪਲਾਸਟਿਕ ਦਾ ਚਮਚਾ (1), ਪਲਾਸਟਿਕ ਕੱਪ (2) ਅਤੇ ਮੋਮਬੱਤੀ (1), ਮਾਚਿਸ ਬਾਕਸ (1) ਸ਼ਾਮਲ ਹੈ।

# ਗੈਂਗਸਟਰ ਬਿਸ਼ਨੋਈ ਦੀ ਸਿਹਤ ਵਿਗੜੀ, ਹਸਪਤਾਲ ਕਰਵਾਇਆ ਦਾਖ਼ਲ

ਫਰੀਦਕੋਟ , 11 ਜੁਲਾਈ : ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਮੁਲਜ਼ਮ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਸਿਹਤ ਵਿਗੜ ਗਈ ਹੈ, ਜਿਸ ਕਾਰਣ ਉਸ ਨੂੰ ਜੇਲ੍ਹ ’ਚੋਂ ਇਲਾਜ ਲਈ ਫਰੀਦਕੋਟ ਦੇ ਸਰਕਾਰੀ ਮੈਡੀਕਲ ਕਾਲਜ ਵਿਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਡਾਕਟਰਾਂ ਦੀ ਚੁਣੀ ਹੋਈ ਟੀਮ ਨੂੰ ਹੀ ਉਸ ਕੋਲ ਰੱਖਿਆ ਗਿਆ ਹੈ ਅਤੇ ਇਲਾਜ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਲਾਰੈਂਸ ਦੀ ਤਬੀਅਤ ਦੇਰ ਰਾਤ ਵਿਗੜੀ ਸੀ, ਜਿਸ ਤੋਂ ਬਾਅਦ ਜੇਲ੍ਹ ਹਸਪਤਾਲ ਵਲੋਂ ਫਰੀਦਕੋਟ ਮੈਡੀਕਲ ਕਾਲਜ ਹਸਪਤਾਲ ਵਿਚ ਰੈਫਰ ਕੀਤਾ ਗਿਆ। ਦੇਰ ਰਾਤ ਹੀ ਸੁਰੱਖਿਆ ਘੇਰੇ ਵਿਚ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ। ਲਾਰੈਂਸ ਦੇ ਨੇੜੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ।



ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਪੁਲਸ ਕੋਈ ਰਿਸਕ ਨਹੀਂ ਲੈਣਾ ਚਾਹੁੰਦੀ ਹੈ, ਜਿਸ ਦੇ ਮੱਦੇਨਜ਼ਰ ਕੁਝ ਚੋਣਵੇਂ ਲੋਕਾਂ ਨੂੰ ਹੀ ਉਸ ਕੋਲ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ। ਲਾਰੈਂਸ ਨੂੰ ਬੀਤੇ ਮਹੀਨੇ ਹੀ ਦਿੱਲੀ ਤੋਂ ਬਠਿੰਡਾ ਜੇਲ੍ਹ ਵਿਚ ਸ਼ਿਫਟ ਕੀਤਾ ਗਿਆ ਸੀ। ਐੱਨ. ਆਈ. ਏ. ਅਤੇ ਫਿਰ ਗੁਜਰਾਤ ਪੁਲਿਸ ਉਸ ਤੋਂ ਪੁੱਛਗਿੱਛ ਲਈ ਨਾਲ ਲੈ ਗਈ ਸੀ। ਦਿੱਲੀ ਵਿਚ ਹੁੰਦੇ ਹੋਏ ਉਸ ਨੂੰ ਜਾਨ ਤੋਂ ਮਾਰਨ ਦੀ ਇਨਪੁਟਸ ਮਿਲੇ ਸਨ। ਜਿਸ ਤੋਂ ਬਾਅਦ ਦਿੱਲੀ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਮੁੜ ਬਠਿੰਡਾ ਜੇਲ੍ਹ ਭੇਜਣ ਦੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਵਲੋਂ ਮਨਜ਼ੂਰ ਕਰਨ ਤੋਂ ਬਾਅਦ ਉਸ ਨੂੰ ਬਠਿੰਡੇ ਜੇਲ੍ਹ ਸ਼ਿਫਟ ਕਰ ਦਿੱਤਾ ਗਿਆ ਸੀ।

# ਧਾਰਾ 370 ਨੂੰ ਰੱਦ ਕਰਨ ਖ਼ਿਲਾਫ਼ ਪਟੀਸ਼ਨਾਂ ’ਤੇ 2 ਅਗਸਤ ਤੋਂ ਰੋਜ਼ ਹੋਵੇਗੀ ਸੁਣਵਾਈ: ਸੁਪਰੀਮ ਕੋਰਟ

ਨਵੀਂ ਦਿੱਲੀ :ਸੁਪਰੀਮ ਕੋਰਟ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਵਾਲੇ ਸੰਵਿਧਾਨ ਦੀ ਧਾਰਾ 370 ਖ਼ਤਮ ਕਰਨ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ ਆਉਣ ਵਾਲੀ 2 ਅਗਸਤ ਤੋਂ ਸੋਮਵਾਰ ਅਤੇ ਸ਼ੁੱਕਰਵਾਰ ਨੂੰ ਛੱਡ ਕੇ ਸਾਰੇ ਕੰਮ ਵਾਲੇ ਦਿਨਾਂ ’ਤੇ ਰੋਜ਼ਾਨਾ ਸੁਣਵਾਈ ਕਰੇਗਾ। ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਅਤੇ ਜੱਜ ਸੰਜੇ ਕਿਸ਼ਨ ਕੌਲ, ਜੱਜ ਸੰਜੀਵ ਖੰਨਾ, ਜੱਜ ਬੀ.ਆਰ. ਗਵਈ ਅਤੇ ਜੱਜ ਸੂਰੀਆਕਾਂਤ ਦੀ ਸੰਵਿਧਾਨ ਬੈਂਚ ਨੇ ਮੰਗਲਵਾਰ ਨੂੰ ਇਹ ਆਦੇਸ਼ ਪਾਸ ਕੀਤਾ। ਸੰਵਿਧਾਨ ਬੈਂਚ ਨੇ 2 ਅਗਸਤ ਤੋਂ ਦੁਪਹਿਰ 10.30 ਵਜੇ ਤੋਂ ਸੁਣਵਾਈ ਸ਼ੁਰੂ ਕਰੇਗੀ। ਬੈਂਚ ’ਚ ਇਸ ਤੋਂ ਪਹਿਲਾਂ ਸਾਰੇ ਪੱਖਾਂ ਨੂੰ 27 ਜੁਲਾਈ ਤੱਕ ਸਾਰੇ ਦਸਤਾਵੇਜ਼ ਦਾਖ਼ਲ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ। ਕੇਂਦਰ ਸਰਕਾਰ ਨੇ ਕਰੀਬ 4 ਸਾਲ ਪਹਿਲਾਂ 5 ਅਗਸਤ 2019 ਨੂੰ ਸੰਵਿਧਾਨ ਦੀ ਧਾਰਾ 370 ਰੱਦ ਕਰ ਦਿੱਤੀ ਸੀ। ਸੁਪਰੀਮ ਕੋਰਟ ’ਚ ਇਹ ਮਾਮਲਾ (ਧਾਰਾ 370 ਖ਼ਤਮ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ) ਆਖ਼ਰੀ ਵਾਰ ਮਾਰਚ 2020 ’ਚ ਸੂਚੀਬੱਧ ਕੀਤਾ ਗਿਆ ਸੀ। ਉਦੋਂ ਕੁਝ ਪਟੀਸ਼ਨਕਰਤਾਵਾਂ ਨੇ ਇਸ ਮਾਮਲੇ ਨੂੰ 7 ਜੱਜਾਂ ਦੀ ਸੰਵਿਧਾਨ ਬੈਂਚ ਦੇ ਸਾਹਮਣੇ ਸੁਣਵਾਈ ਲਈ ਭੇਜਣ ਦੀ ਅਪੀਲ ਕੀਤੀ ਪਰ ਬੈਂਚ ਨੇ ਉਨ੍ਹਾਂ ਦੀ ਅਪੀਲ ਠੁਕਰਾ ਦਿੱਤੀ ਸੀ। ਚੀਫ਼ ਜਸਟਿਸ ਦੀ ਪ੍ਰਧਾਨਗੀ ਵਾਲੀ ਬੈਂਚ ਦੇ ਸਾਹਮਣੇ ਕੁਝ ਪਟੀਸ਼ਨਕਰਤਾਵਾਂ ਵਲੋਂ ਇਸ ਮਾਮਲੇ ’ਚ ਜਲਦ ਸੁਣਵਾਈ ਦੀ ਗੁਹਾਰ ਫਰਵਰੀ 2023 ’ਚ ਲਗਾਈ ਗਈ ਸੀ। ਵਿਸ਼ੇਸ਼ ਜ਼ਿਕਰ ਦੌਰਾਨ ਲਗਾਈ ਗਈ ਇਸ ਗੁਹਾਰ ’ਤੇ ਬੈਂਚ ਨੇ ਕਿਹਾ ਸੀ ਕਿ ਉਹ ਇਸ ਮਾਮਲੇ ਨੂੰ ਸੁਣਵਾਈ ਲਈ ਸੂਚੀਬੱਧ ਕਰਨ ’ਤੇ ਉੱਚਿਤ ਸਮੇਂ ’ਤੇ ਫ਼ੈਸਲਾ ਲਵੇਗੀ। ਮੱਧ ਪ੍ਰਦੇਸ਼ ਦੇ ਗਵਾਲੀਅਰ ਸ਼ਹਿਰ ’ਚ 11ਵੀਂ ਜਮਾਤ ਦੀ 17 ਸਾਲਾ ਇਕ ਵਿਦਿਆਰਥਣ ਨੂੰ ਕੋਚਿੰਗ ਸੈਂਟਰ ਤੋਂ ਘਰ ਆਉਂਦੇ ਸਮੇਂ ਮੋਟਰਸਾਈਕਲ ਸਵਾਰ ਲੋਕਾਂ ਨੇ ਗੋਲੀ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਘਟਨਾ ਸੋਮਵਾਰ ਰਾਤ ਕਰੀਬ 8 ਵਜੇ ਮਾਧਵਗੰਜ ਥਾਣਾ ਖੇਤਰ ਦੇ ਇਕ ਚੌਰਾਹੇ ’ਤੇ ਹੋਈ।



# ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਸੁਨੀਲ ਜਾਖੜ ਨੇ ਸਾਂਭਿਆ ਅਹੁਦਾ

## ‘ਕਿਸੇ ਵੀ ਹਾਲਤ ’ਚ ਗਠਜੋੜ ਨਹੀਂ ਹੋਵੇਗਾ, ਆਪਣੇ ਦਮ ’ਤੇ ਚੋਣਾਂ ਲੜਾਂਗੇ’




ਚੰਡੀਗੜ੍ਹ : ਪੰਜਾਬ ਭਾਜਪਾ ਦੇ ਨਵੇਂ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਮੰਗਲਵਾਰ ਨੂੰ ਆਪਣਾ ਅਹੁਦਾ ਸੰਭਾਲਿਆ। ਇਸ ਦੇ ਲਈ ਭਾਜਪਾ ਦੇ ਹੈੱਡ ਕੁਆਰਟਰ ਸੈਕਟਰ-37ਏ ਵਿਖੇ ਸਮਾਗਮ ਰੱਖਿਆ ਗਿਆ ਸੀ। ਇਸ ਸਮਾਗਮ ’ਚ ਸੰਬੋਧਨ ਕਰਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਪੰਜਾਬ ਪ੍ਰਧਾਨ ਬਣਾਉਣ ਦਾ ਇੰਨਾ ਵੱਡਾ ਫ਼ੈਸਲਾ ਉਨ੍ਹਾਂ ਦੀ ਸ਼ਕਲ ਦੇਖ ਕੇ ਨਹੀਂ ਲਿਆ, ਸਗੋਂ ਇਕ ਭਾਜਪਾ ਵਰਕਰ ਦੀ ਹਿੰਮਤ ਅਤੇ ਜਜ਼ਬੇ ਨੂੰ ਦੇਖ ਕੇ ਲਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਪਾਰਟੀ ਦੇ ਲੋਕ ਇੰਨੀ ਮਿਹਨਤ ਨਾਲ ਕੰਮ ਕਰਦੇ ਹਨ, ਉਨ੍ਹਾਂ ਨੂੰ ਆਪਣੀ ਤਾਕਤ ਯਾਦ ਕਰਵਾਉਣਾ ਮੇਰੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਾਰਟੀ ਨੇ ਉਨ੍ਹਾਂ ’ਤੇ ਇੰਨਾ ਵੱਡਾ ਵਿਸ਼ਵਾਸ ਕੀਤਾ ਹੈ, ਉੱਥੇ ਹੀ ਉਨ੍ਹਾਂ ਨੂੰ ਬਹੁਤ ਵੱਡੀ ਜ਼ਿੰਮੇਵਾਰੀ ਵੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਾਡੀ ਜ਼ਿੰਮੇਵਾਰੀ 13 ਸੀਟਾਂ ਜਾਂ 117 ਸੀਟਾਂ ਨੂੰ ਜਿੱਤਣ ਦੀ ਨਹੀਂ, ਸਗੋਂ ਰੰਗਲੇ ਪੰਜਾਬ ਨੂੰ ਜਿਹੜੀ ਨਜ਼ਰ ਲੱਗੀ ਹੈ, ਉਸ ਨੂੰ ਬਚਾਉਣ ਦੀ ਹੈ। ਜਾਖੜ ਨੇ ਕਿਹਾ ਕਿ ਪੰਜਾਬੀ ਵੱਡੇ ਜਿਗਰੇ ਵਾਲੇ ਹਨ ਅਤੇ ਉਨ੍ਹਾਂ ਨੇ ਪੂਰੀ ਦੁਨੀਆ ’ਚ ਆਪਣੀ ਇਕ ਵੱਖਰੀ ਪਛਾਣ ਬਣਾਈ ਹੈ ਅਤੇ ਅਸੀਂ ਸਭ ਨੂੰ ਨਾਲ ਲੈ ਕੇ ਚੱਲਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ’ਚ ਕੋਈ ਵੀ ਵਿਅਕਤੀ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ, ਜਦੋਂਕਿ ਗੈਂਗਸਟਰ ਜੇਲ੍ਹਾਂ ’ਚ ਬੈਠੇ ਇੰਟਰਵਿਊ ਦੇ ਰਹੇ ਹਨ ਅਤੇ ਭਾਈਚਾਰਕ ਸਾਂਝ ’ਚ ਦਰਾੜ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੀ ਭਾਈਚਾਰਕ ਸਾਂਝ ’ਤੇ ਪਹਿਰਾ ਦੇਣਾ ਹੈ ਅਤੇ ਪੰਜਾਬੀਆਂ ਦੇ ਹਿੱਤਾਂ ਲਈ ਆਪਣੀ ਹਿੱਕ ਤਾਣ ਕੇ ਭਾਜਪਾ ਖੜ੍ਹੀ ਹੈ।

# ਯੂਕਰੇਨ ਨੂੰ ਖ਼ਤਰਨਾਕ ਕਲੱਸਟਰ ਬੰਬ ਦੇਵੇਗਾ ਅਮਰੀਕਾ

ਵਾਸ਼ਿੰਗਟਨ : ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਇਡਨ ਦਾ ਪ੍ਰਸ਼ਾਸਨ ਯੂਕਰੇਨ ਨੂੰ ਕਲੱਸਟਰ ਬੰਬ ਮੁਹੱਈਆ ਕਰਵਾਏਗਾ। ਸੁਲੀਵਨ ਨੇ ਕਿਹਾ ਕਿ ਅਮਰੀਕਾ ਯੂਕਰੇਨ ਨੂੰ ਇਕੱਲਾ ਨਹੀਂ ਛੱਡੇਗਾ ਅਤੇ ਯੂਕਰੇਨ ਨੇ ਕਲੱਸਟਰ ਬੰਬਾਂ ਦੀ ਵਰਤੋਂ ਸਮਝਦਾਰੀ ਨਾਲ ਕਰਨ ਦਾ ਵਾਅਦਾ ਕੀਤਾ ਹੈ। ਇੱਕ ਕਲੱਸਟਰ ਬੰਬ ਹਵਾ ਵਿੱਚ ਉੱਚਾਈ ਤੋਂ ਹਵਾ ਵਿੱਚ ਸੁੱਟਿਆ ਜਾਂਦਾ ਹੈ ਅਤੇ ਇਸ ਅੰਦਰੋਂ ਹਜ਼ਾਰਾਂ ਛੋਟੇ ਬੰਬ ਨਿਕਲਦੇ ਹਨ, ਜੋ ਨਿਸ਼ਾਨੇ ਵਾਲੀ ਥਾਂ ’ਤੇ ਭਾਰੀ ਤਬਾਹੀ ਦਾ ਕਾਰਨ ਬਣਦੇ ਹਨ।

# ਸੁਖਬੀਰ ਸਿੰਘ ਬਾਦਲ ਵੱਲੋਂ ਚਾਰ ਹਲਕਿਆਂ ’ਚ ਬਰਸਾਤਾਂ ਤੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਦਾ ਦੌਰਾ

ਨਵਾਂਸ਼ਹਿਰ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਬੰਗਾ, ਬਲਾਚੌਰ ਅਤੇ ਆਨੰਦਪੁਰ ਸਾਹਿਬ ਹਲਕਿਆਂ ਵਿਚ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਮੁਸੀਬਤ ਵਿਚ ਫਸੇ ਲੋਕਾਂ ਦੀ ਤੁਰੰਤ ਮਦਦ ਕਰਨ ਦਾ ਸੱਦਾ ਦਿੱਤਾ ਤੇ ਅਕਾਲੀ ਦਲ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਖਾਣੇ, ਚਾਰੇ ਤੇ ਮੈਡੀਕਲ ਸਹਾਇਤਾ ਦੇ ਮਾਮਲੇ ਵਿਚ ਲੋਕਾਂ ਦੀ ਲੋੜ ਪੂਰੀ ਕਰਨ ਵਾਸਤੇ ਆਪਣੇ ਯਤਨ ਦੁੱਗਣੇ ਕਰ ਦੇਣ।ਅਕਾਲੀ ਦਲ ਦੇ ਪ੍ਰਧਾਨ, ਜੋ ਟਰੈਕਟਰ ਚਲਾ ਕੇ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਪਿੰਡਾਂ ਦੇ ਨਾਲ ਨਾਲ ਹੋਰ ਹਲਕਿਆਂ ਵਿਚ ਪਹੁੰਚੇ, ਨੇ ਕਿਹਾ ਕਿ ਕਿਸਾਨਾਂ ਦੇ ਹੋਏ ਨੁਕਸਾਨ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ। ਉਹਨਾਂ ਕਿਹਾ ਕਿ ਹਜ਼ਾਰਾਂ ਏਕੜ ਵਿਚ ਖੜ੍ਹੀ ਝੋਨੇ ਦੀ ਫਸਲ ਤਬਾਹ ਹੋ ਗਈ ਹੈ ਤੇ ਕਿਸਾਨ ਆਪਣੇ ਧੁੰਦਲੇ ਭਵਿੱਖ ਵੱਲ ਵੇਖ ਰਹੇ ਹਨ ਕਿਉਂਕਿ ਹੁਣ ਦੁਬਾਰਾ ਝੋਨਾ ਲਾਉਣ ਵਾਸਤੇ ਸਮਾਂ ਹੀ ਨਹੀਂ ਰਿਹਾ। ਉਹਨਾਂ ਕਿਹਾ ਕਿ ਇਸੇ ਤਰੀਕੇ ਅੰਸ਼ਕ ਕਿਸਾਨ ਜੋ ਸਬਜ਼ੀਆਂ ਉਗਾਉਂਦੇ ਹਨ, ਉਹ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਕਿਉਂਕਿ ਉਹਨਾਂ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ।ਸੁਖਬੀਰ ਸਿੰਘ ਬਾਦਲ ਨੇ ਇਹਨਾਂ ਹਲਕਿਆਂ ਦੇ ਲੋਕਾਂ ਨਾਲ ਵੀ ਗੱਲਬਾਤ ਕੀਤੀ। ਉਹਨਾਂ ਬੰਗਾ ਹਲਕੇ ਦੇ ਪਿੰਡ ਚੇਟਾ ਵਿਚ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਇਲਾਕੇ ਦੀਆਂ ਨਹਿਰਾਂ ਦੀ ਸਮੇਂ ਸਿਰ ਸਫਾਈ ਨਾ ਕਰਵਾਉਣ ਕਾਰਨ ਮੌਜੂਦਾ ਹਾਲਾਤ ਬਣੇ ਹਨ। ਉਹਨਾਂ ਦੱਸਿਆ ਕਿ ਕਿਵੇਂ ਡਰੇਨਾਂ ਦੀ ਸਫਾਈ ਨਹੀਂ ਕੀਤੀ ਗਈ ਤੇ ਇਹਨਾਂ ਦੇ ਬੰਨ ਮਜ਼ਬੂਤ ਨਹੀਂ ਕੀਤੇ ਗਏ। ਇਹ ਸ਼ਿਕਾਇਤ ਹੋਰ ਇਲਾਕਿਆਂ ਵਿਚ ਵੀ ਸਾਹਮਣੇ ਆਈ ਜਿਸ ਤੋਂ ਸਪਸ਼ਟ ਹੈ ਕਿ ਸਰਕਾਰ ਭਾਰੀ ਬਰਸਾਤਾਂ ਕਾਰਨ ਹੜ੍ਹਾਂ ਦੇ ਸੰਭਾਵੀ ਖ਼ਤਰੇ ਨੂੰ ਦੂਰ ਕਰਨ ਵਾਸਤੇ ਕੰਮ ਕਰਨ ਵਿਚ ਨਾਕਾਮ ਰਹੀ ਹੈ।ਬਾਦਲ ਨੇ ਕਿਹਾ ਕਿ ਕਿਸਾਨਾਂ ਨੇ ਉਹਨਾਂ ਕੋਲ ਪਹੁੰਚ ਕੀਤੀ ਹੈ ਤੇ ਮੰਗ ਕੀਤੀ ਕਿ ਜਿਹੜੇ ਕਰਜ਼ੇ ਉਹਨਾਂ ਨੇ ਝੋਨੇ ਦੀ ਫਸਲ ਵਾਸਤੇ ਲਏ ਸਨ, ਉਹ ਹਾਲੇ ਮੁੜ ਨਾ ਵਸੂਲੇ ਜਾਣ ਅਤੇ ਉਹਨਾਂ ’ਤੇ ਵਿਆਜ਼ ਵੀ ਮੁਆਫ ਕੀਤਾ ਜਾਵੇ। ਉਹਨਾਂ ਕਿਹਾ ਕਿ ਇਹ ਵਾਜਬ ਮੰਗ ਹੈ ਤੇ ਇਹ ਤੁਰੰਤ ਪ੍ਰਵਾਨ ਹੋਣੀ ਚਾਹੀਦੀ ਹੈ।ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਸਰਕਾਰ ਵੱਲ ਵੇਖ ਰਹੇ ਹਨ ਕਿ ਉਹ ਅਰਥਵਿਹੂਣੇ ਬਿਆਨ ਦੇਣ ਦੀ ਥਾਂ ਤੁਰੰਤ ਰਾਹਤ ਪ੍ਰਦਾਨ ਕਰਨ ਵਾਸਤੇ ਕੰਮ ਕਰੇ। ਉਹਨਾਂ ਕਿਹਾ ਕਿ ਜਿਹਨਾਂ ਦੇ ਘਰ ਢਹਿ ਢੇਰੀ ਹੋ ਗਏ ਹਨ, ਉਹਨਾਂ ਨੂੰ 5-5 ਲੱਖ ਰੁਪਏ ਅਤੇ ਕਿਸਾਨਾਂ ਨੂੰ ਹੋਏ ਨੁਕਸਾਨ ਲਈ 25-25 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਬਲਾਚੌਰ ਵਿਚ ਪਿੰਡ ਰਕਰਮ ਬੇਟ ਵਿਖੇ ਲੋਕਾਂ ਨੇ ਅਕਾਲੀ ਦਲ ਦੇ ਪ੍ਰਧਾਨ ਕੋਲ ਪਹੁੰਚਕ ਕਰ ਕੇ ਦੱਸਿਆ ਕਿ ਕਿਵੇਂ ਪਸ਼ੂਆਂ ਲਈ ਚਾਰੇ ਦੀ ਬਹੁਤ ਘਾਟ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਦੇ ਵਰਕਰ ਹਰਾ ਚਾਰਾ ਤੇ ਖਾਣੇ ਦੇ ਪੈਕਟ ਪ੍ਰਭਾਵਤ ਪਿੰਡਾਂ ਵਿਚ ਪਹੁੰਚਾਉਣ ਦੇ ਪੁਰਜ਼ੋਰ ਯਤਨ ਕਰ ਰਹੇ ਹਨ ਪਰ ਸਰਕਾਰ ਨੂੰ ਵੀ ਮੀਂਹ ਦੇ ਪਾਣੀ ਨਾਲ ਪ੍ਰਭਾਵਤ ਹੋਏ ਪਿੰਡਾਂ ਵਿਚ ਹਰਾ ਚਾਰਾ ਪਹੁੰਚਾਉਣ ਵਾਸਤੇ ਸੰਜੀਦਗੀ ਨਾਲ ਕੰਮ ਕਰਨਾ ਚਾਹੀਦਾ ਹੈ। ਉਹਨਾਂ ਨੇ ਪਾਣੀ ਨਾਲ ਸਬੰਧਤ ਬਿਮਾਰੀਆਂ ਰੋਕਣ ਵਾਸਤੇ ਮੈਡੀਕਲ ਟੀਮਾਂ ਤਾਇਨਾਤ ਕਰਨ ਦੀ ਵੀ ਮੰਗ ਕੀਤੀ।ਬਾਦਲ ਨੇ ਇਹ ਵੀ ਜ਼ੋਰ ਦੇ ਕੇ ਆਖਿਆ ਕਿ ਆਪ ਸਰਕਾਰ ਕੇਂਦਰ ਸਰਕਾਰ ਕੋਲ ਪਹੁੰਚ ਕਰੇ ਅਤੇ ਇਸਨੂੰ ਮੌਜੂਦਾ ਹਾਲਾਤ ਨੂੰ ਕੁਦਰਤੀ ਆਫਤ ਐਲਾਨਣ ਦੀ ਮੰਗ ਕਰੇ ਤਾਂ ਜੋ ਕੌਮੀ ਆਫਤ ਪ੍ਰਬੰਧਨ ਫੰਡ ਵਿਚੋਂ ਫੰਡ ਲਏ ਜਾ ਸਕਣ। ਉਹਨਾਂ ਕਿਹਾ ਕਿ ਇਸ ਦੌਰਾਨ ਸਰਕਾਰ ਨੂੰ ਘਰੋਂ ਬੇਘਰ ਹੋਏ ਲੋਕਾਂ ਵਾਸਤੇ ਰਾਹਤ ਪੈਕਜ ਐਲਾਨਣਾ ਚਾਹੀਦਾ ਹੈ ਤੇ ਜਿਹਨਾਂ ਦੇ ਘਰ ਤਬਾਹ ਹੋ ਗਏ, ਕਿਸਾਨ ਤੇ ਗਰੀਬ ਲੋਕਾਂ ਨੂੰ ਫੌਰੀ ਰਾਹਤ ਦੇਣੀ ਚਾਹੀਦੀ ਹੈ।ਅਕਾਲੀ ਦਲ ਦੇ ਪ੍ਰਧਾਨ ਨੇ ਕੁਝ ਥਾਵਾਂ ’ਤੇ ਰਾਹਤ ਸਮੱਗਰੀ ਦੀ ਵੰਡ ਵਾਸਤੇ ਤਾਲਮੇਲ ਕਰ ਕੇ ਰਾਹਤ ਮੁਹਿੰਮ ਨੂੰ ਨਿਯਮਿਤ ਕਰਵਾਇਆ।ਉਹਨਾਂ ਦੇ ਨਾਲ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਡਾ. ਸੁਖਵਿੰਦਰ ਕੁਮਾਰ ਸੁੱਖੀ, ਡਾ. ਨਛੱਤਰਪਾਲ ਸਿੰਘ ਅਤੇ ਸੁਨੀਤਾ ਚੌਧਰੀ ਤੋਂ ਇਲਾਵਾ ਜਰਨੈਲ ਸਿੰਘ ਵਾਹਦ ਤੇ ਚਰਨਜੀਤ ਸਿੰਘ ਬਰਾੜ ਵੀ ਹਾਜ਼ਰ ਸਨ।



# ਭਾਰਤ ਤੋਂ ਪਾਕਿਸਤਾਨ ਨੂੰ 2.25 ਲੱਖ ਕਿਊਸਿਕ ਮੀਂਹ ਦਾ ਪਾਣੀ ਛੱਡਿਆ

ਚੰਡੀਗੜ੍ਹ : ਪੰਜਾਬ 'ਚ ਮੀਂਹ ਕਾਰਨ ਹੜ੍ਹਾਂ ਦੇ ਖ਼ਤਰੇ ਨੂੰ ਰੋਕਣ ਲਈ ਪੰਜਾਬ ਤੋਂ ਪਾਕਿਸਤਾਨ ਨੂੰ 2.25 ਲੱਖ ਕਿਊਸਿਕ ਤੋਂ ਵੱਧ ਪਾਣੀ ਛੱਡਿਆ ਜਾ ਰਿਹਾ ਹੈ। ਸਤਲੁਜ ਤੋਂ 50 ਹਜ਼ਾਰ ਕਿਊਸਿਕ ਅਤੇ ਰਾਵੀ ਤੋਂ ਪਾਕਿਸਤਾਨ ਵੱਲ 1.85 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਹੈ। ਅਜਿਹੇ ਦਰਿਆਵਾਂ ਦੇ ਕੁਦਰਤੀ ਵਹਾਅ ਕਾਰਨ ਪਾਣੀ ਪਾਕਿਸਤਾਨ ਦੇ ਨੀਵੇਂ ਇਲਾਕਿਆਂ ਵਿੱਚ ਜਾ ਰਿਹਾ ਹੈ। ਇਸ ਦੌਰਾਨ ਪੰਜਾਬ ਦੀਆਂ ਨਹਿਰਾਂ ਵਿੱਚ ਪਾਣੀ ਦੀ ਸਪਲਾਈ ਕਾਫ਼ੀ ਘੱਟ ਕਰ ਦਿੱਤੀ ਗਈ ਹੈ। ਬਰਸਾਤੀ ਪਾਣੀ ਵਿੱਚ ਵੱਡੀ ਮਾਤਰਾ ਵਿੱਚ ਗਾਰ ਅਤੇ ਘਾਹ ਆ ਰਿਹਾ ਹੈ, ਅਜਿਹੀ ਸਥਿਤੀ ਵਿੱਚ ਜੇਕਰ ਬਰਸਾਤੀ ਪਾਣੀ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ ਤਾਂ ਨਹਿਰਾਂ ਮਿੱਟੀ ਨਾਲ ਭਰ ਜਾਣਗੀਆਂ ਅਤੇ ਇਨ੍ਹਾਂ ਦੇ ਟੁੱਟਣ ਦਾ ਖ਼ਤਰਾ ਵੀ ਵੱਧ ਜਾਵੇਗਾ। ਦੂਜੇ ਪਾਸੇ ਪਾਕਿਸਤਾਨ ਵਾਲੇ ਪਾਸੇ ਤੋਂ ਸੁਲੇਮਾਨ ਦੇ ਹੈੱਡ ਨੂੰ ਬੰਦ ਹੋਣ ਦੇ ਖ਼ਦਸ਼ੇ ਨਾਲ ਫਾਜ਼ਿਲਕਾ 'ਚ ਅਲਰਟ ਜਾਰੀ ਕੀਤਾ ਗਿਆ ਹੈ।

ਹਿਮਾਚਲ ਦੇ ਕਈ ਸਥਾਨਾਂ 'ਤੇ ਹੋ ਰਹੀ ਤੇਜ਼ ਬਾਰਿਸ਼ ਦਾ ਪਾਣੀ ਬਿਆਸ, ਸਤਲੁਜ ਅਤੇ ਰਾਵੀ 'ਚ ਆ ਰਿਹਾ ਹੈ। ਪੰਜਾਬ 'ਚ ਵੀ ਕਈ ਥਾਵਾਂ 'ਤੇ ਮੀਂਹ ਦਾ ਸਿਲਸਿਲਾ ਜਾਰੀ ਹੈ। ਦਰਿਆਵਾਂ ਵਿੱਚ ਪਾਣੀ ਦਾ ਪੱਧਰ ਖ਼ਤਰਨਾਕ ਢੰਗ ਨਾਲ ਵਧਦਾ ਜਾ ਰਿਹਾ ਹੈ ਪਰ ਪੰਜਾਬ ਦੇ ਇਕ ਵੱਡੇ ਹਿੱਸੇ ਵਾਲੇ ਮਾਲਵੇ ਵਿੱਚ ਖੁੱਲ੍ਹੀ ਬਾਰਿਸ਼ ਨਹੀਂ ਹੋਈ ਹੈ। ਫਿਰ ਵੀ ਨੀਵੇਂ ਹਿੱਸਿਆਂ ਵਿੱਚ ਪਾਣੀ ਘਟਣ ਕਾਰਨ ਮਾਲਵਾ ਖੇਤਰ ਵਿੱਚ ਪ੍ਰਸ਼ਾਸਨ ਅਤੇ ਲੋਕਾਂ ਨੇ ਬਚਾਅ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਿੰਚਾਈ ਵਿਭਾਗ ਦੇ ਸੂਤਰਾਂ ਅਨੁਸਾਰ ਭਾਰੀ ਮੀਂਹ ਕਾਰਨ ਦਰਿਆਵਾਂ ਦੇ ਪਾਣੀ ਦਾ ਪੱਧਰ ਵਧਣ ਕਾਰਨ




ਜਾਨੀ ਤੇ ਮਾਲੀ ਨੁਕਸਾਨ ਨੂੰ ਰੋਕਣ ਲਈ ਬਰਸਾਤੀ ਪਾਣੀ ਪਾਕਿਸਤਾਨ ਨੂੰ ਛੱਡਿਆ ਜਾ ਰਿਹਾ ਹੈ। ਰਾਵੀ ਦਰਿਆ ਦਾ 1.85 ਲੱਖ ਕਿਊਸਿਕ ਪਾਣੀ ਰਾਵੀ ਤੋਂ ਪਾਕਿਸਤਾਨ ਨੂੰ ਛੱਡਿਆ ਗਿਆ ਹੈ। ਜਾਣਕਾਰੀ ਮੁਤਾਬਕ ਪਾਕਿਸਤਾਨ 'ਚ ਛੱਡਿਆ ਗਿਆ ਬਰਸਾਤੀ ਪਾਣੀ ਲਾਹੌਰ ਤੱਕ ਕਰੀਬ 40 ਹਜ਼ਾਰ ਕਿਊਸਿਕ ਹੀ ਪਹੁੰਚੇਗਾ। ਪੰਜਾਬ ਦੀਆਂ ਨਹਿਰਾਂ 'ਚ ਰਾਵੀ ਦਰਿਆ 'ਚੋਂ ਹੀ ਤਿੰਨ ਲੱਖ ਕਿਊਸਿਕ ਪਾਣੀ ਛੱਡਿਆ ਗਿਆ ਹੈ। ਰਾਵੀ ਦਰਿਆ ਵਿੱਚ ਵਾਧੂ ਪਾਣੀ ਨੂੰ ਸਟੋਰ ਕਰਨ ਦਾ ਕੋਈ ਪ੍ਰਬੰਧ ਨਹੀਂ ਹੈ, ਜਿਸ ਕਾਰਨ ਬਰਸਾਤੀ ਪਾਣੀ ਪੰਜਾਬ ਦੇ ਨਾਲ-ਨਾਲ ਪਾਕਿਸਤਾਨ ਵਿੱਚ ਵੀ ਛੱਡਣ ਲਈ ਮਜਬੂਰ ਹੈ। ਜਿਸ ਕਾਰਨ ਭਾਰਤ ਨਾਲ ਲੱਗਦੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਖੇਤਰ ਦੇ ਲੋਕ ਡਰੇ ਹੋਏ ਹਨ। ਸੂਤਰਾਂ ਅਨੁਸਾਰ ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਤੋਂ ਲਗਭਗ 15 ਕਿਲੋਮੀਟਰ ਪੱਛਮ ਵਿਚ ਨਾਰੋਵਾਲ ਵਿਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਹੈ ਕਿਉਂਕਿ ਪਾਕਿਸਤਾਨੀ ਅਧਿਕਾਰੀਆਂ ਨੂੰ ਰਾਵੀ ਦਰਿਆ ਵਿਚ ਪਾਣੀ ਦੇ ਤੇਜ਼ ਵਹਾਅ ਦੀ ਸੰਭਾਵਨਾ ਹੈ। ਹਰੀਕੇ ਹੈੱਡ ਤੋਂ ਸਤਲੁਜ ਦਰਿਆ ਰਾਹੀਂ ਪਾਕਿਸਤਾਨ ਨੂੰ 50,000 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਹਰੀਕੇ ਬੈਰਾਜ ਵਿਖੇ ਪਾਣੀ ਦੀ ਸਟੋਰੇਜ ਸਮਰੱਥਾ ਜ਼ਿਆਦਾ ਹੋਣ ਕਾਰਨ ਪੰਜਾਬ ਵਿੱਚ ਨਹਿਰਾਂ ਨੂੰ ਟੁੱਟਣ ਅਤੇ ਗਾਰ ਬਣਨ ਤੋਂ ਰੋਕਣ ਲਈ ਨਹਿਰਾਂ ਵਿੱਚ ਬਰਸਾਤੀ ਪਾਣੀ ਦੀ ਸਪਲਾਈ ਵਿੱਚ ਭਾਰੀ ਕਮੀ ਕੀਤੀ ਗਈ ਹੈ। ਪੰਜਾਬ ਨੂੰ ਦੂਸਰਾ ਖ਼ਤਰਾ ਫਾਜ਼ਿਲਕਾ ਖੇਤਰ ਤੋਂ ਹੈ। ਹਰੀਕੇ ਬੈਰਾਜ ਦਾ ਕੰਟਰੋਲ ਭਾਰਤ ਕੋਲ ਹੈ, ਜਦਕਿ ਫਾਜ਼ਿਲਕਾ ਦੇ ਸਰਹੱਦੀ ਇਲਾਕੇ ਸਤਲੁਜ ਦੇ ਸੁਲੇਮਾਨ ਗੇਟ ਦਾ ਕੰਟਰੋਲ ਪਾਕਿਸਤਾਨ ਕੋਲ ਹੈ। ਪਾਕਿਸਤਾਨ ਵਿੱਚ ਵੀ ਮੀਂਹ ਪੈ ਰਿਹਾ ਹੈ।

ਅਜਿਹੇ 'ਚ ਪਹਿਲਾਂ ਵਾਂਗ ਪਾਕਿਸਤਾਨ ਗੇਟ ਬੰਦ ਕਰਕੇ ਸ਼ਰਾਰਤ ਕਰ ਸਕਦਾ ਹੈ। ਜ਼ਿਲ੍ਹਾ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਦਾ ਕਹਿਣਾ ਹੈ ਕਿ ਫਾਜ਼ਿਲਕਾ ਦੀ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਵਾਰ-ਵਾਰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਪਸ਼ੂਆਂ ਅਤੇ ਹੋਰ ਕੀਮਤੀ ਸਮਾਨ ਨੂੰ ਸਤਲੁਜ ਦਰਿਆ ਦੇ ਉੱਚੇ, ਸੁਰੱਖਿਅਤ ਪਾਸੇ ਲੈ ਜਾਣ। ਕਈ ਸਰਹੱਦੀ ਪਿੰਡਾਂ ਵਿੱਚ ਹੜ੍ਹ ਰਾਹਤ ਕੇਂਦਰ ਵੀ ਬਣਾਏ ਗਏ ਹਨ। ਇਥੇ ਪੌਂਗ ਡੈਮ ਵਿੱਚ ਵੀ ਪਾਣੀ ਦਾ ਪੱਧਰ ਵੱਧ ਰਿਹਾ ਹੈ। ਪੌਂਗ ਡੈਮ 'ਚ ਸਿਰਫ਼ ਤਿੰਨ ਦਿਨਾਂ 'ਚ ਪਾਣੀ 15 ਫੁੱਟ ਵਧ ਗਿਆ ਹੈ ਅਤੇ ਪੱਧਰ 1352 'ਤੇ ਪਹੁੰਚ ਗਿਆ ਹੈ, ਜਦਕਿ ਖ਼ਤਰੇ ਦਾ ਨਿਸ਼ਾਨ 1390 ਫੁੱਟ 'ਤੇ ਹੈ ਪਰ ਜਿਸ ਤਰ੍ਹਾਂ ਨਾਲ ਪਾਣੀ ਦਾ ਪੱਧਰ ਤੇਜ਼ੀ ਨਾਲ ਵੱਧ ਰਿਹਾ ਹੈ, ਉਸ ਨਾਲ ਸਰਕਾਰ ਦੀ ਚਿੰਤਾ ਵਧਦੀ ਜਾ ਰਹੀ ਹੈ।

## ਅਗਨੀਪਥ ਸਕੀਮ : ਟ੍ਰੇਨਿੰਗ ਅੱਧ ਵਿਚਾਲੇ ਛੱਡਣ ਵਾਲੇ ਅਗਨੀਵੀਰਾਂ ਤੋਂ ਖ਼ਰਚ ਵਸੂਲਣ ਦੀ ਤਿਆਰੀ !

ਨਵੀਂ ਦਿੱਲੀ : ਅਗਨੀਵੀਰ ਜਲਦੀ ਹੀ ਭਾਰਤੀ ਫੌਜ ਦੀ ਅਗਨੀਪਥ ਯੋਜਨਾ ਦੇ ਤਹਿਤ ਵੱਖ-ਵੱਖ ਯੂਨਿਟਾਂ ਵਿੱਚ ਸ਼ਾਮਲ ਹੋਵੇਗਾ। ਪਹਿਲੇ ਬੈਚ ਦੀ ਟ੍ਰੇਨਿੰਗ ਖਤਮ ਹੋ ਚੁੱਕੀ ਹੈ ਅਤੇ ਦੂਜੇ ਬੈਚ ਦੀ ਟ੍ਰੇਨਿੰਗ ਸ਼ੁਰੂ ਹੋ ਗਈ ਹੈ। ਅਗਲੇ ਮਹੀਨੇ ਪਹਿਲਾ ਬੈਚ ਭਾਰਤੀ ਫੌਜ ਵਿੱਚ ਭਰਤੀ ਹੋਵੇਗਾ। ਹਾਲਾਂਕਿ ਟਰੇਨਿੰਗ ਦੌਰਾਨ ਹੀ ਕਈ ਨੌਜਵਾਨ ਅੱਧ ਵਿਚਾਲੇ ਚਲੇ ਗਏ ਹਨ। ਵੱਖ-ਵੱਖ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਫੌਜ ਨੂੰ ਅਲਵਿਦਾ ਕਹਿਣ ਵਾਲੇ ਨੌਜਵਾਨਾਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਤੋਂ ਸਿਖਲਾਈ 'ਤੇ ਖਰਚ ਕੀਤੀ ਗਈ ਰਕਮ ਵੀ ਵਸੂਲ ਕੀਤੀ ਜਾਵੇਗੀ। ਫਿਲਹਾਲ ਫੌਜ 'ਚ ਟ੍ਰੇਨਿੰਗ ਨੂੰ ਅੱਧ ਵਿਚਾਲੇ ਛੱਡਣ ਦਾ ਕੋਈ ਨਿਯਮ ਨਹੀਂ ਹੈ ਪਰ ਹੁਣ ਸਰਕਾਰ ਇਸ 'ਤੇ ਲਗਾਮ ਕੱਸਣ ਲਈ ਨਵੇਂ ਨਿਯਮ ਲਿਆਉਣ ਬਾਰੇ ਸੋਚ ਰਹੀ ਹੈ। ਇਕ ਰਿਪੋਰਟ ਮੁਤਾਬਕ, ਟ੍ਰੇਨਿੰਗ 'ਤੇ ਹੋਣ ਵਾਲਾ ਖਰਚਾ ਉਨ੍ਹਾਂ ਤੋਂ ਵਸੂਲਿਆ ਜਾਵੇਗਾ




ਜੋ ਟ੍ਰੇਨਿੰਗ ਅੱਧ ਵਿਚਾਲੇ ਛੱਡ ਦਿੰਦੇ ਹਨ। ਰਿਪੋਰਟ 'ਚ ਇਕ ਅਧਿਕਾਰੀ ਦਾ ਹਵਾਲਾ ਦਿੰਦੇ ਹੋਏ ਦੱਸਿਆ ਗਿਆ ਕਿ ਪਹਿਲੇ ਬੈਚ 'ਚ 50 ਤੋਂ ਵੱਧ ਨੌਜਵਾਨਾਂ ਨੇ ਅੱਧ ਵਿਚਾਲੇ ਹੀ ਟ੍ਰੇਨਿੰਗ ਛੱਡ ਦਿੱਤੀ ਸੀ ਅਤੇ ਦੂਜੇ ਬੈਚ 'ਚ ਵੀ ਇਹੀ ਸਥਿਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟ੍ਰੇਨਿੰਗ 'ਤੇ ਆਉਣ ਵਾਲਾ ਖਰਚਾ ਨੌਜਵਾਨਾਂ ਤੋਂ ਵਸੂਲਿਆ ਜਾਵੇਗਾ, ਇਸ ਤਰ੍ਹਾਂ ਸਿਰਫ ਉਹੀ ਨੌਜਵਾਨ ਹੀ ਟ੍ਰੇਨਿੰਗ 'ਚ ਸ਼ਾਮਲ ਹੋਣਗੇ ਜੋ ਫੌਜ 'ਚ ਭਰਤੀ ਹੋਣ ਲਈ ਗੰਭੀਰ ਹਨ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਨੌਜਵਾਨਾਂ ਵੱਲੋਂ ਸਿਖਲਾਈ ਅੱਧ ਵਿਚਾਲੇ ਛੱਡਣ ਦੇ ਵੱਖ-ਵੱਖ ਕਾਰਨ ਦੱਸੇ ਗਏ ਹਨ। ਕਈਆਂ ਨੂੰ 30 ਦਿਨਾਂ ਜਾਂ ਇਸ ਤੋਂ ਵੱਧ ਸਮੇਂ ਲਈ ਮੈਡੀਕਲ ਛੁੱਟੀ 'ਤੇ ਹੋਣ ਕਰਕੇ ਬਾਹਰ ਕੱਢ ਦਿੱਤਾ ਗਿਆ ਸੀ। ਕੁਝ ਨੇ ਬਿਹਤਰ ਮੌਕਾ ਮਿਲਣ ਦਾ ਕਾਰਨ ਦੱਸ ਕੇ ਸਿਖਲਾਈ ਅੱਧ ਵਿਚਾਲੇ ਹੀ ਛੱਡ ਦਿੱਤੀ। ਸੂਤਰਾਂ ਨੇ ਦੱਸਿਆ ਕਿ ਫੌਜ 'ਚ ਇਹ ਨਿਯਮ ਹੈ ਕਿ ਜੇ ਕੋਈ 30 ਦਿਨਾਂ ਤੋਂ ਜ਼ਿਆਦਾ ਸਮੇਂ ਤੱਕ ਟ੍ਰੇਨਿੰਗ ਤੋਂ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਪਹਿਲੀ ਜਨਵਰੀ ਨੂੰ ਪਹਿਲੇ ਬੈਚ ਵਿੱਚ 19 ਹਜ਼ਾਰ ਤੋਂ ਵੱਧ ਅਗਨੀਵੀਰ ਸ਼ਾਮਲ ਸਨ, ਜਿਨ੍ਹਾਂ ਨੂੰ ਦੇਸ਼ ਭਰ ਦੇ 40 ਵੱਖ-ਵੱਖ ਕੇਂਦਰਾਂ ਵਿੱਚ ਸਿਖਲਾਈ ਦਿੱਤੀ ਗਈ ਸੀ। ਛੇ ਮਹੀਨਿਆਂ ਦੀ ਸਿਖਲਾਈ ਵਿੱਚ ਅਗਨੀਵੀਰਾਂ ਲਈ ਬੁਨਿਆਦੀ ਅਤੇ ਉੱਨਤ ਮਿਲਟਰੀ ਪ੍ਰੋਗਰਾਮ ਸ਼ਾਮਲ ਕੀਤੇ ਗਏ ਹਨ। ਛੇ ਮਹੀਨੇ ਦੀ ਸਿਖਲਾਈ ਤੋਂ ਬਾਅਦ ਅਗਨੀਵੀਰਾਂ ਨੂੰ ਵੱਖ-ਵੱਖ ਯੂਨਿਟਾਂ ਵਿੱਚ ਤਾਇਨਾਤ ਕੀਤਾ ਜਾਵੇਗਾ ਅਤੇ 4 ਸਾਲਾਂ ਬਾਅਦ ਇਨ੍ਹਾਂ ਵਿੱਚੋਂ 25 ਫੀਸਦੀ ਨੂੰ ਪੱਕੇ ਕਰ ਦਿੱਤਾ ਜਾਵੇਗਾ। ਹਾਲਾਂਕਿ ਫੌਜ 50 ਫੀਸਦੀ ਅਗਨੀਵੀਰਾਂ ਨੂੰ ਪੱਕੇ ਕਰਨਾ ਚਾਹੁੰਦੀ ਹੈ, ਜਿਸ ਲਈ ਫੌਜ ਨੇ ਕੇਂਦਰ ਅੱਗੇ ਆਪਣੀ ਮੰਗ ਰੱਖੀ ਹੈ।

## ਹਿਮਾਚਲ 'ਚ ਮੀਂਹ ਦਾ ਕਹਿਰ, ਲਾਹੌਲ 'ਚ ਫਸੇ 30 ਬੱਚੇ, 3 ਲੋਕਾਂ ਦੀ ਮੌਤ

ਸ਼ਿਮਲਾ : ਹਿਮਾਚਲ ਪ੍ਰਦੇਸ਼ ਵਿੱਚ ਮਾਨਸੂਨ ਦਾ ਕਹਿਰ ਦੇਖਣ ਨੂੰ ਮਿਲਿਆ ਹੈ। ਸੂਬੇ ਚ ਮੌਸਮ ਵਿਭਾਗ ਦੇ ਰੈੱਡ ਅਲਰਟ ਤੋਂ ਬਾਅਦ ਹੁਣ ਨੁਕਸਾਨ ਦੀ ਖਬਰ ਸਾਹਮਣੇ ਆ ਰਹੀ ਹੈ। ਪੰਡੋਹ ਵਿੱਚ ਬਿਆਸ ਦਰਿਆ ਦਾ ਪਾਣੀ ਘਰਾਂ ਅਤੇ ਬਾਜ਼ਾਰਾਂ ਵਿੱਚ ਦਾਖਲ ਹੋ ਗਿਆ ਹੈ। ਕਈ ਥਾਵਾਂ ਤੇ ਢਿੱਗਾਂ ਡਿੱਗਣ ਕਾਰਨ ਮੰਡੀ ਤੋਂ ਮਨਾਲੀ ਤਕ ਚੰਡੀਗੜ੍ਹ ਮਨਾਲੀ ਹਾਈਵੇਅ ਬੰਦ ਹੋ ਗਿਆ ਹੈ। ਇਸ ਦੇ ਨਾਲ ਹੀ ਸੋਲਨ ਚ ਕਾਲਕਾ-ਸ਼ਿਮਲਾ ਟ੍ਰੈਕ ਤੇ ਟਰੇਨਾਂ ਦੀ ਆਵਾਜਾਈ ਬੰਦ ਹੋ ਗਈ ਹੈ। ਹਿਮਾਚਲ ਚ 24 ਘੰਟਿਆਂ ਦੀ ਬਾਰਿਸ਼ ਕਾਰਨ 3 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 3 ਨੈਸ਼ਨਲ ਹਾਈਵੇਅ ਬੰਦ ਹਨ। ਇਸ ਦੇ ਨਾਲ ਹੀ ਜ਼ਮੀਨ ਖਿਸਕਣ ਕਾਰਨ 250 ਤੋਂ ਵੱਧ ਸੜਕਾਂ ਬੰਦ ਹੋ ਗਈਆਂ ਹਨ। ਲਾਹੌਲ-ਸਪੀਤੀ ਦੇ ਸਮਦੋ ਕਾਜ਼ਾ ਗ੍ਰਾਂਫੂ ਰੋਡ ਤੇ ਅਚਾਨਕ ਹੜ੍ਹ ਆਉਣ ਤੋਂ ਬਾਅਦ 30 ਕਾਲਜ ਵਿਦਿਆਰਥੀ ਗ੍ਰਾਂਫੂ ਅਤੇ ਛੋਟਾ ਦਾਰਾ ਵਿਚਕਾਰ ਦੋ ਟਰਾਲਿਆਂ ਚ ਫਸ ਗਏ ਸਨ, ਜਿਨ੍ਹਾਂ ਨੂੰ ਰਾਤ ਭਰ ਚੱਲੇ ਬਚਾਅ ਕਾਰਜ ਤੋਂ ਬਾਅਦ ਬਚਾ ਲਿਆ ਗਿਆ। ਮੰਡੀ-ਪੰਡੋਹ ਨੈਸ਼ਨਲ ਹਾਈਵੇਅ ਤੇ ਛੇ ਮੀਲ ਨੇੜੇ ਜ਼ਮੀਨ ਖਿਸਕਣ ਕਾਰਨ ਸੜਕ ਬੰਦ ਹੋ ਗਈ। ਕੁੱਲੂ ਦੇ ਅਖਾੜਾ ਬਾਜ਼ਾਰ ਚ ਬਿਆਸ ਦਰਿਆ ਦਾ ਪਾਣੀ ਰਿਕਾਰਡ ਪੱਧਰ ਤੇ ਪਹੁੰਚ ਗਿਆ ਹੈ। ਕੁੱਲੂ ਅਤੇ ਮੰਡੀ ਸ਼ਹਿਰਾਂ ਵਿੱਚ ਵੀ ਬਿਆਸ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਿਹਾ ਹੈ। ਕਈ ਥਾਵਾਂ ਤੇ ਬੀਤੀ ਰਾਤ ਤੋਂ ਬਿਜਲੀ ਨਹੀਂ ਹੈ ਅਤੇ ਸੜਕਾਂ ਬੰਦ ਹਨ। ਮੈਦਾਨੀ ਇਲਾਕੇ ਜਲ-ਥਲ ਹੋ ਗਏ ਹਨ, ਜਦਕਿ ਪਹਾੜਾਂ ਤੇ ਜ਼ਮੀਨ ਖਿਸਕਣ ਕਾਰਨ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਲਾਹੌਲ ਦੇ ਜੁੰਡਾ ਨਾਲਾ ਅਤੇ ਤੇਲਿੰਗ ਨਾਲਾ ਚ ਹੜ੍ਹ ਆਉਣ ਤੋਂ ਬਾਅਦ ਮਨਾਲੀ-ਲੇਹ ਮਾਰਗ ਨੂੰ ਬੰਦ ਕਰ ਦਿੱਤਾ ਗਿਆ ਹੈ। ਕੁੱਲੂ ਦੇ ਰਾਹਨੀਨਾਲਾ ਚ ਜ਼ਮੀਨ ਖਿਸਕਣ ਤੋਂ ਬਾਅਦ ਰੋਹਤਾਂਗ ਰੋਡ ਵੀ ਬੰਦ ਹੈ। ਵਿਰਾਸਤੀ ਰੇਲਵੇ ਟਰੈਕ ਤੇ ਸ਼ਿਮਲਾ ਤੋਂ ਕਾਲਕਾ ਜਾ ਰਹੀ ਮੋਟਰ ਰੇਲ ਕਾਰ ਕੋਟੀ ਨੇੜੇ ਪਟੜੀ ਤੋਂ ਉਤਰ ਗਈ। ਖੁਸ਼ਕਿਸਮਤੀ ਨਾਲ ਇਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ।

# 24 ਘੰਟਿਆਂ 'ਚ ਬਦਲ ਗਈ ਦੁਨੀਆਂ ਦੇ ਅਰਬਪਤੀਆਂ ਦੀ ਤਸਵੀਰ, ਮੁਕੇਸ਼ ਅੰਬਾਨੀ ਬਣੇ ਨੰਬਰ-1 !

### ਦੁਨੀਆਂ ਦੇ ਤਿੰਨ ਅਮੀਰ ਲੋਕਾਂ ਦੀ ਜਾਇਦਾਦ ਲਗਭਗ 13 ਬਿਲੀਅਨ ਡਾਲਰ ਦੀ ਕਲੀਅਰ ਹੋਈ



ਨਵੀਂ ਦਿੱਲੀ, : ਦੁਨੀਆਂ ਦੇ ਅਰਬਪਤੀਆਂ ਦੀ ਤਸਵੀਰ 24 ਘੰਟਿਆਂ ਵਿੱਚ ਕਿਵੇਂ ਬਦਲ ਜਾਂਦੀ ਹੈ, ਇਸਦੀ ਤਾਜ਼ਾ ਮਿਸਾਲ ਅੱਜ ਬਲੂਮਬਰਗ ਬਿਲੀਅਨੇਅਰਜ਼ ਇੰਡੈਕਸ ਵਿੱਚ ਦੇਖਣ ਨੂੰ ਮਿਲੀ ਅਤੇ ਮੁਕੇਸ਼ ਅੰਬਾਨੀ ਪਲ ਵਿੱਚ ਹੀ ਨੰਬਰ-1 ਬਣ ਗਏ। ਜੀ ਹਾਂ, ਦੁਨੀਆਂ ਦੇ 500 ਅਰਬਪਤੀਆਂ 'ਚ ਸਭ ਤੋਂ ਵੱਧ ਵਾਧਾ ਕਰਨ ਵਾਲੇ ਅਰਬਪਤੀ ਕੋਈ ਹੋਰ ਨਹੀਂ ਸਗੋਂ ਮੁਕੇਸ਼ ਅੰਬਾਨੀ ਸਨ। ਦੌਲਤ ਵਧਾਉਣ ਦੇ ਮਾਮਲੇ 'ਚ ਨੰਬਰ-1 ਬਣ ਗਏ। ਜਦੋਂ ਕਿ ਦੁਨੀਆਂ ਦੇ ਤਿੰਨ ਸਭ ਤੋਂ ਅਮੀਰ ਲੋਕਾਂ ਦੀ ਜਾਇਦਾਦ ਲਗਭਗ 13 ਬਿਲੀਅਨ ਡਾਲਰ ਦੀ ਕਲੀਅਰ ਹੋ ਗਈ ਹੈ। ਦਰਅਸਲ, ਵਿਦੇਸ਼ੀ ਬਾਜ਼ਾਰਾਂ ਵਿੱਚ ਗਿਰਾਵਟ ਆਈ, ਜਿਸ ਕਾਰਨ ਅਰਬਪਤੀਆਂ ਦੀ ਦੌਲਤ ਵਿੱਚ ਵੀ ਕਮੀ ਆਈ। ਦੂਜੇ ਪਾਸੇ ਵੀਰਵਾਰ ਨੂੰ ਰਿਲਾਇੰਸ ਦੇ ਸਟਾਕ 'ਚ ਵਾਧਾ ਹੋਇਆ ਸੀ ਅਤੇ ਮੁਕੇਸ਼ ਅੰਬਾਨੀ ਦੀ ਜਾਇਦਾਦ 'ਚ ਇਕ ਅਰਬ ਡਾਲਰ ਤੋਂ ਜ਼ਿਆਦਾ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਬਲੂਮਬਰਗ ਬਿਲੀਨੇਅਰਸ ਇੰਡੈਕਸ ਦੇ ਮੁਤਾਬਕ ਮੁਕੇਸ਼ ਅੰਬਾਨੀ ਦੀ ਦੌਲਤ 'ਚ ਸਭ ਤੋਂ ਜ਼ਿਆਦਾ ਵਾਧਾ ਹੋਇਆ ਹੈ। ਅੰਕੜਿਆਂ ਮੁਤਾਬਕ ਮੁਕੇਸ਼ ਅੰਬਾਨੀ ਦੀ ਜਾਇਦਾਦ 'ਚ 1.57 ਅਰਬ ਡਾਲਰ ਯਾਨੀ 13 ਹਜ਼ਾਰ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਅੰਕੜਿਆਂ ਮੁਤਾਬਕ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ 90.8 ਅਰਬ ਡਾਲਰ ਹੋ ਗਈ ਹੈ। ਇਸ ਸਾਲ ਉਨ੍ਹਾਂ ਦੀ ਜਾਇਦਾਦ 3.66 ਅਰਬ ਡਾਲਰ ਵਧੀ ਹੈ। ਦਰਅਸਲ, ਇੱਕ ਦਿਨ ਪਹਿਲਾਂ ਰਿਲਾਇੰਸ ਇੰਡਸਟਰੀਜ਼ ਦੇ ਸ਼ੇਅਰਾਂ ਵਿੱਚ 2 ਫੀਸਦੀ ਤੋਂ ਜ਼ਿਆਦਾ ਦਾ ਵਾਧਾ ਹੋਇਆ ਸੀ, ਜਿਸ ਕਾਰਨ ਮੁਕੇਸ਼ ਅੰਬਾਨੀ ਦੀ ਦੌਲਤ 'ਚ ਉਛਾਲ ਆਇਆ। ਖਾਸ ਗੱਲ ਇਹ ਹੈ ਕਿ ਦੁਨੀਆ ਦੇ 500 ਅਰਬਪਤੀਆਂ 'ਚੋਂ 54 ਅਰਬਪਤੀਆਂ ਦੀ ਜਾਇਦਾਦ 'ਚ ਵਾਧਾ ਹੋਇਆ ਹੈ, ਜਿਨ੍ਹਾਂ 'ਚੋਂ 10 ਅਰਬਪਤੀ ਸਿਰਫ ਭਾਰਤ ਦੇ ਹਨ। ਦੂਜੇ ਪਾਸੇ ਵਿਦੇਸ਼ੀ ਬਾਜ਼ਾਰਾਂ 'ਚ ਗਿਰਾਵਟ ਕਾਰਨ ਦੁਨੀਆ ਦੇ ਚੋਟੀ ਦੇ ਅਰਬਪਤੀਆਂ ਦੀ ਜਾਇਦਾਦ 'ਚ ਸਭ ਤੋਂ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ। ਐਲਨ ਮਸਕ ਦੀ ਜਾਇਦਾਦ ਵਿੱਚ ਸਾਢੇ ਚਾਰ ਅਰਬ ਡਾਲਰ ਦੀ ਗਿਰਾਵਟ ਆਈ ਹੈ। ਇਸ ਦੇ ਨਾਲ ਹੀ ਬਰਨਾਰਡ ਅਰਨੌਲਟ ਦੀ ਜਾਇਦਾਦ ਵਿੱਚ 6.11 ਅਰਬ ਡਾਲਰ ਦੀ ਕਮੀ ਆਈ ਹੈ। ਜੈਫ ਬੇਜੋਸ ਦੀ ਜਾਇਦਾਦ 'ਚ 2 ਅਰਬ ਡਾਲਰ ਤੋਂ ਜ਼ਿਆਦਾ ਦੀ ਕਮੀ ਆਈ ਹੈ। ਇਸ ਦਾ ਮਤਲਬ ਹੈ ਕਿ ਦੁਨੀਆਂ ਦੇ ਤਿੰਨ ਸਭ ਤੋਂ ਅਮੀਰ ਕਾਰੋਬਾਰੀਆਂ ਦੀ ਦੌਲਤ ਕਰੀਬ 13 ਬਿਲੀਅਨ ਡਾਲਰ ਘਟਦੀ ਨਜ਼ਰ ਆਈ। ਸਟੀਵ ਬਾਲਮਰ ਚੋਟੀ ਦੇ 10 ਵਿਚ ਇਕਲੌਤਾ ਅਰਬਪਤੀ ਸੀ, ਜਿਸ ਦੀ ਜਾਇਦਾਦ ਵਿਚ £971 ਮਿਲੀਅਨ ਦਾ ਵਾਧਾ ਹੋਇਆ ਹੈ। ਉਂਝ ਦੁਨੀਆ ਦੇ ਚੋਟੀ ਦੇ 17 ਅਰਬਪਤੀਆਂ ਦੀ ਜਾਇਦਾਦ 'ਚ ਵਾਧਾ ਹੋਇਆ ਹੈ। ਜਿਸ ਵਿੱਚ ਮੁਕੇਸ਼ ਅੰਬਾਨੀ ਦਾ ਨਾਂ ਵੀ ਸ਼ਾਮਲ ਹੈ।



# ਜਦੋਂ ਹੈਲੀਕਾਪਟਰ ਨੇ ਸੜਕ ਰਸਤੇ ਯਾਤਰਾ ਕੀਤੀ

ਇਹ ਦਿਲਚਸਪ ਘਟਨਾ ਸੰਨ 1999 ਦੀ ਹੈ ਜਦੋਂ ਮੈਂ ਖੰਨਾ ਪੁਲਿਸ ਜ਼ਿਲ੍ਹੇ ਦੀ ਪਾਇਲ ਸਬ ਡਵੀਜ਼ਨ ਦਾ ਡੀ.ਐਸ.ਪੀ. ਲੱਗਾ ਹੋਇਆ ਸੀ। ਇੱਕ ਦਿਨ ਪੰਜਾਬ ਦੇ ਮੁੱਖ ਮੰਤਰੀ ਪਾਇਲ ਦੇ ਨਜ਼ਦੀਕ ਰਾਏਪੁਰ ਪਿੰਡ ਵਿਖੇ ਪਧਾਰੇ ਸਨ। ਰਾਏਪੁਰ ਉਹਨਾਂ ਦੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਦਾ ਪਿੰਡ ਸੀ ਤੇ ਮੁੱਖ ਮੰਤਰੀ ਨੇ ਉਸ ਦੇ ਕਿਸੇ ਨਿੱਜੀ ਸਮਾਗਮ ਵਿੱਚ ਸ਼ਾਮਲ ਹੋਣਾ ਸੀ ਤੇ ਉਸ ਤੋਂ ਬਾਅਦ ਲੁਧਿਆਣਾ ਜਾਣਾ ਸੀ। ਮੇਰੀ ਡਿਊਟੀ ਫੋਰਸ ਸਮੇਤ ਹੈਲੀਪੈਡ ਅਤੇ ਆਸ ਪਾਸ ਦੀ ਸੁਰੱਖਿਆ ਕਰਨ ਲਈ ਲਗਾਈ ਗਈ ਸੀ। ਪਰ ਅਚਾਨਕ ਪ੍ਰੋਗਰਾਮ ਵਿੱਚ ਕੁਝ ਤਬਦੀਲੀ ਹੋ ਗਈ ਤੇ ਪਾਰਟੀ ਪ੍ਰਧਾਨ ਨੇ ਮੁੱਖ ਮੰਤਰੀ ਨੂੰ ਨਜ਼ਦੀਕੀ ਪਿੰਡ ਘੁੰਗਰਾਲੀ ਰਾਜਪੂਤਾਂ ਵਿਖੇ ਚੱਲ ਰਹੇ ਖੇਡ ਮੇਲੇ ਵਿੱਚ ਇਨਾਮ ਵੰਡਣ ਜਾਣ ਵਾਸਤੇ ਮਨਾ ਲਿਆ। ਘੁੰਗਰਾਲੀ ਰਾਜਪੂਤਾਂ ਉਥੋਂ ਸਿਰਫ 4-5 ਕਿ.ਮੀ. ਦੂਰ ਸੀ, ਇਸ ਲਈ ਮੁੱਖ ਮੰਤਰੀ ਗੱਡੀਆਂ ਦੇ ਕਾਫਲੇ ਰਾਹੀਂ ਚਲੇ ਗਏ। ਪਾਇਲਟਾਂ ਵਾਸਤੇ ਮੇਰੇ ਵਾਇਰਲੈੱਸ ਸੈੱਟ 'ਤੇ ਆਦੇਸ਼ ਆ ਗਿਆ ਕਿ ਉਹ ਹੈਲੀਕਾਪਟਰ ਉਥੇ ਲੈ ਆਉਣ ਤਾਂ ਜੋ ਵਾਪਸ ਰਾਏਪੁਰ ਆਉਣ ਦੀ ਬਜਾਏ ਉਥੋਂ ਹੀ ਲੁਧਿਆਣੇ ਲਈ ਉਡਾਣ ਭਰੀ ਜਾ ਸਕੇ।

ਸਾਰੇ ਅਫਸਰ ਅਤੇ ਨੇਤਾ ਮੁੱਖ ਮੰਤਰੀ ਦੇ ਅੱਗੜ ਪਿੱਛੜ ਘੱਟਾ ਉਡਾਉਂਦੇ ਹੋਏ ਘੁੰਗਰਾਲੀ ਰਾਜਪੂਤਾਂ ਵੱਲ ਦੌੜ ਗਏ। ਹੈਲੀਪੈਡ 'ਤੇ ਮੈਂ, ਹੈਲੀਕਾਪਟਰ ਦਾ ਚਾਲਕ ਦਲ ਤੇ ਥੋੜ੍ਹੇ ਜਿਹੇ ਸਿਪਾਹੀ ਰਹਿ ਗਏ। ਉਸ ਸਮੇਂ ਬਹੁਤ ਘੱਟ ਲੋਕਾਂ ਕੋਲ ਮੋਬਾਇਲ ਫੋਨ ਹੁੰਦੇ ਸਨ। ਸੋਨੀ ਐਰਿਕਸਨ, ਮੋਟਰੋਲਾ ਜਾਂ ਨੋਕੀਆ ਦੇ ਮੋਟੇ ਮੋਟੇ ਐਨਟੀਨਾ ਵਾਲੇ ਮੋਬਾਇਲ ਹੁੰਦੇ ਸਨ, ਪਰ ਉਹ ਵੀ ਜੀ.ਟੀ. ਰੋਡ ਦੇ ਨਾਲ ਨਾਲ ਅਤੇ ਵੱਡੇ ਸ਼ਹਿਰਾਂ ਵਿੱਚ ਹੀ ਚੱਲਦੇ ਸਨ। ਜਿੱਥੇ ਕਿਤੇ ਵੀ.ਆਈ.ਪੀ ਨੇ ਆਉਣਾ ਹੋਵੇ, ਉਥੇ ਹੈਲੀਕਾਪਟਰ ਦੀ ਲੈਂਡਿੰਗ ਕਰਾਉਣ ਲਈ ਆਰਜ਼ੀ ਹੈਲੀਪੈਡ ਬਣਾ ਕੇ, ਮੌਕੇ 'ਤੇ ਖੜ੍ਹ ਕੇ ਗਲੋਬਲ ਪੋਜਿਸ਼ਨਿੰਗ ਸਿਸਟਮ (ਜੀ.ਪੀ.ਐੱਸ.) ਰਾਹੀਂ ਦਿਸ਼ਾਵਾਂ (ਡਿਗਰੀਆਂ) ਕੱਢ ਕੇ ਭੇਜਣੀਆਂ ਪੈਂਦੀਆਂ ਹਨ। ਹੁਣ ਤਾਂ ਹਰ ਫੋਨ ਵਿੱਚ ਜੀ.ਪੀ.ਐੱਸ. ਹੈ, ਪਰ ਉਸ ਸਮੇਂ ਬਹੁਤ ਪੰਗਾ ਪੈਂਦਾ ਸੀ। ਨਜ਼ਦੀਕੀ ਛਾਉਣੀ ਜਾਂ ਏਅਰ ਫੋਰਸ ਸਟੇਸ਼ਨ ਤੋਂ ਤਰਲੇ ਕੱਢ ਕੇ ਜੀ.ਪੀ.ਐੱਸ ਮੰਗਵਾ ਕੇ ਡਿਗਰੀਆਂ ਕੱਢ ਕੇ ਸੀ.ਐਮ. ਹਾਊਸ ਭੇਜਣੀਆਂ ਪੈਂਦੀਆਂ ਸਨ, ਤਾਂ ਕਿਤੇ ਹੈਲੀਕਾਪਟਰ ਲੈਂਡਿੰਗ ਕਰਦਾ ਸੀ।



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ
9501100062

ਅਚਾਨਕ ਪ੍ਰੋਗਰਾਮ ਬਣ ਜਾਣ ਕਾਰਨ ਪਾਇਲਟਾਂ ਕੋਲ ਘੁੰਗਰਾਲੀ ਰਾਜਪੂਤਾਂ ਹੈਲੀਪੈਡ ਦੀਆਂ ਡਿਗਰੀਆਂ ਨਹੀਂ ਸਨ। ਮੈਂ ਪਾਇਲ ਤਾਇਨਾਤ ਹੋਣ ਤੋਂ ਪਹਿਲਾਂ 8-9 ਮਹੀਨੇ ਸੀ.ਐਮ. ਸਕਿਉਰਟੀ ਵਿੱਚ ਡਿਊਟੀ ਕੀਤੀ ਸੀ ਜਿਸ ਕਾਰਨ ਸਾਰੇ ਸੀ.ਐਮ. ਸਕਿਉਰਟੀ ਵਾਲੇ ਅਤੇ ਪਾਇਲਟ ਮੈਨੂੰ ਜਾਣਦੇ ਸਨ। ਇਸ ਬਿਨਾਂ ਅਗਾਊਂ ਸੂਚਨਾ ਦੇ ਬਣੇ ਪ੍ਰੋਗਰਾਮ ਕਾਰਨ ਮੁੱਖ ਪਾਇਲਟ (ਕੈਪਟਨ) ਵਾਹਵਾ ਖਿਝ੍ਹ ਗਿਆ। ਪਹਿਲਾਂ ਤਾਂ ਉਸ ਨੇ ਪ੍ਰਬੰਧਕਾਂ ਨੂੰ ਕੁਝ ਕਰੜੇ ਛੰਦ ਹਵਾ ਵਿੱਚ ਛੱਡੇ ਤੇ ਫਿਰ ਮੈਨੂੰ ਪੁੱਛਿਆ ਕਿ ਕੀ ਮੈਂ ਘੁੰਗਰਾਲੀ ਦਾ ਰਸਤਾ ਜਣਦਾ ਹਾਂ? ਮੈਂ ਇਸ ਤੋਂ ਪਹਿਲਾਂ ਜ਼ਿੰਦਗੀ ਵਿੱਚ ਕਦੇ ਹਵਾਈ ਯਾਤਰਾ ਨਹੀਂ ਸੀ ਕੀਤੀ। ਵੈਸੇ ਵੀ ਘੁੰਗਰਾਲੀ ਨਜ਼ਦੀਕ ਹੀ ਸੀ। ਮੈਂ ਹੈਲੀਕਾਪਟਰ ਦਾ ਝੂਟਾ ਲੈਣ ਦੇ ਚਾਅ ਵਿੱਚ ਬਿਨਾਂ ਸੋਚੇ ਸਮਝੇ ਕਹਿ ਦਿੱਤਾ ਕਿ ਗੱਲ ਈ ਕੋਈ ਨਹੀਂ, ਰੋਜ ਜਾਈਦਾ ਹੈ। ਮੈਂ ਪਲਾਕੀ ਮਾਰ ਕੇ ਹੈਲੀਕਾਪਟਰ ਵਿੱਚ ਕੈਪਟਨ ਅਤੇ ਚਾਲਕ ਦਲ ਨਾਲ ਬੈਠ ਗਿਆ ਤੇ ਹੈਲੀਕਾਪਟਰ ਉੱਡ ਪਿਆ।

ਮੈਂ ਸੋਚਿਆ ਕਿ ਉੱਡਦੇ ਸਾਰ ਖੱਬੇ ਮੁੜ ਕੇ ਚੜ੍ਹਦੇ ਵੱਲ ਪਿੰਡ ਹੈ, ਪੰਜ ਮਿੰਟ ਵਿੱਚ ਪਹੁੰਚ ਜਾਵਾਂਗੇ। ਪਰ ਜਦੋਂ ਕੈਪਟਨ ਨੇ ਹੈਲੀਕਾਪਟਰ ਘੁੰਮਾ ਕੇ ਸਿੱਧਾ ਕੀਤਾ ਤਾਂ ਸਭ ਗੜਬੜ ਹੋ ਗਿਆ। ਉੱਪਰੋਂ ਸਾਰੇ ਸ਼ਹਿਰ, ਪਿੰਡ, ਸੜਕਾਂ ਤੇ ਮਕਾਨਾਂ ਦੀ ਛੱਤ ਇੱਕੋ ਜਿਹੀ ਲੱਗਦੀ ਹੈ। ਕੈਪਟਨ ਮੇਰੀ ਹਾਲਤ ਸਮਝ ਗਿਆ ਕਿ ਇਹ ਐਵੇਂ ਫੜ੍ਹ ਮਾਰ ਬੈਠਾ ਹੈ। ਆਮ ਤੌਰ 'ਤੇ ਸੀ.ਐਮ. ਸਕਿਉਰਟੀ ਦਾ ਇੱਕ ਅਫਸਰ ਵਾਇਰਲੈੱਸ ਸੈੱਟ ਲੈ ਕੇ ਹੈਲੀਕਾਪਟਰ ਵਿੱਚ ਪਾਇਲਟ ਦੇ ਨਾਲ ਬੈਠਦਾ ਹੈ ਪਰ ਮਾੜੀ ਕਿਸਮਤ ਕਿ ਉਹ ਵੀ ਕਾਹਲੀ ਕਾਰਨ ਪਏ ਭੰਬਲ ਭੂਸੇ ਵਿੱਚ ਮੁੱਖ ਮੰਤਰੀ ਦੇ ਕਾਫਲੇ ਨਾਲ ਚਲਾ ਗਿਆ। ਮੈਂ ਉੱਲੂ ਵਾਂਗ ਆਸੇ ਪਾਸੇ 90 ਡਿਗਰੀ 'ਤੇ ਧੌਣ ਘੁੰਮਾਈ ਪਰ ਕੁਝ ਸਮਝ ਵਿੱਚ ਨਾ ਪਵੇ। ਨਾ ਦਿਸ਼ਾਵਾਂ ਦਾ ਗਿਆਨ, ਨਾ ਸੜਕਾਂ ਤੇ ਨਾ ਹੀ ਪਿੰਡਾਂ ਦੀ ਪਹਿਚਾਣ ਆਵੇ। ਉਪਰੋਂ ਕਿਹੜਾ ਬੋਰਡ ਦਿਸਦੇ ਹਨ? ਹੈਲੀਕਾਪਟਰ ਉੱਡਿਆ ਜਾਵੇ ਤੇ ਮੈਂ ਚਿੰਤਾ ਵਿੱਚ ਡੁੱਬਦਾ ਜਾਵਾਂ ਕਿ ਅੱਜ ਬੇਇੱਜ਼ਤੀ ਤਾਂ ਪੱਕਾ ਹੋਣੀ ਹੈ ਤੇ ਜੇ ਹੈਲੀਕਾਪਟਰ ਟਾਈਮ 'ਤੇ ਨਾ ਪਹੁੰਚਿਆ ਤਾਂ ਸਸਪੈਂਡ ਵੀ ਹੋਵਾਂਗਾ। ਹਾਂ ਜੀ ਡਿਪਟੀ ਸਾਹਿਬ, ਫਿਰ ਕਿਸ ਪਾਸੇ ਵੱਲ ਚੱਲੀਏ ਫਿਰ? ਕੈਪਟਨ ਨੇ ਮਜ਼ਾਕੀਆ ਅੰਦਾਜ਼ ਵਿੱਚ ਪੁੱਛਿਆ ਤਾਂ ਮੈਨੂੰ ਚੱਕਰ ਆਉਣ ਲੱਗ ਪਏ। ਪਰ ਨੌਕਰੀ ਖਤਰੇ ਵਿੱਚ ਪੈਂਦੀ ਵੇਖ ਕੇ ਮੇਰਾ ਦਿਮਾਗ ਕੰਮ ਕਰਨ ਲੱਗ ਪਿਆ। ਮੈਨੂੰ ਖੰਨੇ ਸ਼ਹਿਰ ਤੋਂ ਉਸ ਪਿੰਡ ਦਾ ਰਾਹ ਬਹੁਤ ਚੰਗੀ ਤਰਾਂ ਪਤਾ ਸੀ ਤੇ ਖੰਨਾ ਨਜ਼ਦੀਕ ਹੀ ਸੀ। ਮੈਂ ਕੈਪਟਨ ਨੂੰ ਬੇਨਤੀ ਕੀਤੀ ਕਿ ਇਥੋਂ ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ, ਕ੍ਰਿਪਾ ਕਰ ਕੇ ਹੈਲੀਕਾਪਟਰ ਜੀ.ਟੀ. ਰੋਡ 'ਤੇ ਲੈ ਜਾਵੇ। ਜਦੋਂ ਹੈਲੀਕਾਪਟਰ ਖੰਨੇ ਵੱਲ ਨੂੰ ਜੀ.ਟੀ. ਰੋਡ 'ਤੇ ਪਹੁੰਚਿਆ ਤਾਂ ਮੈਂ ਉਸ ਨੂੰ ਵਾਪਸ ਬੀਜੇ ਕਸਬੇ ਵੱਲ ਮੋੜਨ ਲਈ ਕਹਿ ਦਿੱਤਾ। ਜਦੋਂ ਅਸੀਂ ਬੀਜੇ ਅੱਡੇ 'ਤੇ ਪਹੁੰਚੇ ਤਾਂ ਮੈਂ ਪਾਇਲ ਰੋਡ ਪਹਿਚਾਣ ਲਿਆ ਤੇ ਕੈਪਟਨ ਨੂੰ ਪਾਇਲ ਵੱਲ ਮੁੜਨ ਲਈ ਕਹਿ ਦਿੱਤਾ। ਮੈਨੂੰ ਪਤਾ ਸੀ ਕਿ ਬੀਜੇ ਤੋਂ ਪਾਇਲ ਵੱਲ ਜਾਂਦਿਆਂ ਖੱਬੇ ਹੱਥ ਮੁੜਨ ਵਾਲੀ ਪਹਿਲੀ ਲਿੰਕ ਰੋਡ ਘੁੰਗਰਾਲੀ ਰਾਜਪੂਤਾਂ ਜਾਂਦੀ ਹੈ। ਮੈਂ ਸੜਕ ਪਹਿਚਾਣ ਕੇ ਹੈਲੀਕਾਪਟਰ ਉਸ ਪਾਸੇ ਨੂੰ ਮੁੜਵਾ ਦਿੱਤਾ। ਥੋੜ੍ਹੀ ਦੂਰ ਖੇਡ ਮੇਲੇ ਦੇ ਟੈਂਟ ਲੱਗੇ ਹੋਏ ਸਨ। ਕੈਪਟਨ ਨੇ ਉਥੇ ਐੱਚ (ਹੈਲੀਕਾਪਟਰ ਉਤਾਰਨ ਲਈ ਹੈਲੀਪੈਡ 'ਤੇ ਚੂਨੇ ਨਾਲ ਬਣਾਇਆ ਜਾਂਦਾ ਅੰਗਰਜ਼ੀ ਦਾ ਅੱਖਰ ਐੱਚ) ਵੇਖ ਕੇ ਲੈਂਡਿੰਗ ਕਰ ਦਿੱਤੀ। ਕੈਪਟਨ ਹੱਸ ਹੱਸ ਕੇ ਦੂਹਰਾ ਹੋ ਗਿਆ ਕਿ ਅਸੀਂ ਹਵਾਈ ਮਾਰਗ ਰਾਹੀਂ ਤਾਂ ਬਹੁਤ ਸਫਰ ਕੀਤਾ ਸੀ, ਅੱਜ ਤੇਰੀ ਕ੍ਰਿਪਾ ਨਾਲ ਸੜਕ ਰਾਹੀਂ ਵੀ ਹੈਲੀਕਾਪਟਰ ਚਲਾ ਕੇ ਵੇਖ ਲਿਆ ਹੈ। ਸਾਡੇ ਉੱਤਰਨ ਤੋਂ ਪੰਜ ਸੱਤ ਮਿੰਟ ਬਾਅਦ ਹੀ ਮੁੱਖ ਮੰਤਰੀ ਦਾ ਕਾਫਲਾ ਹੈਲੀਪੈਡ 'ਤੇ ਪਹੁੰਚ ਗਿਆ। ਜੇ ਦਸ ਮਿੰਟ ਦੀ ਵੀ ਦੇਰ ਹੋ ਜਾਂਦੀ ਤਾਂ ਮੇਰੀ ਖੈਰ ਨਹੀਂ ਸੀ। ਮੈਂ ਕੰਨਾਂ ਨੂੰ ਹੱਥ ਲਗਾਏ ਕਿ ਮੁੜ ਕਦੇ ਅਜਿਹੀ ਨਾਜ਼ਕ ਜ਼ਿੰਮੇਵਾਰੀ ਨਹੀਂ ਲੈਣੀ।

## ਭਾਰਤੀ ਮੂਲ ਦੀ ਕਰਮਚਾਰੀ ਨੂੰ ਯੂਕੇ ਦੀ ਰਾਇਲ ਮੇਲ ਨੇ ਦਿੱਤਾ 24 ਕਰੋੜ ਦਾ ਮੁਆਵਜ਼ਾ

ਲੰਡਨ : ਭਾਰਤੀ ਮੂਲ ਦੀ ਸਾਬਕਾ ਮਹਿਲਾ ਕਰਮਚਾਰੀ ਨੂੰ ਧਮਕਾਉਣ ਦਾ ਦਾਅਵਾ ਸਾਬਤ ਹੋਣ ਤੋਂ ਬਾਅਦ ਬ੍ਰਿਟੇਨ ਦੀ ਡਾਕ ਕੰਪਨੀ ਰਾਇਲ ਮੇਲ ਉਸ ਨੂੰ 23 ਲੱਖ ਪੌਂਡ (ਕਰੀਬ 24 ਕਰੋੜ ਰੁਪਏ) ਤੋਂ ਜ਼ਿਆਦਾ ਦਾ ਮੁਆਵਜ਼ਾ ਦਿੱਤਾ। ਇਹ ਰਾਇਲ ਮੇਲ ਲਈ ਸਭ ਤੋਂ ਵੱਡੇ ਮੁਆਵਜ਼ੇ ਦੇ ਸਮਝੌਤਿਆਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ। ਦਰਅਸਲ ਮਹਿਲਾ ਕਰਮਚਾਰੀ ਨੇ ਬੋਨਸ ਨਾਲ ਜੁੜੀ ਸੰਭਾਵਿਤ ਧੋਖਾਧੜੀ ਦਾ ਖੁਲਾਸਾ ਕੀਤਾ ਸੀ, ਜਿਸ ਤੋਂ ਬਾਅਦ ਉਸਨੂੰ ਧਮਕਾਇਆ ਗਿਆ ਅਤੇ ਬਾਅਦ ਵਿੱਚ ਕੰਪਨੀ ਤੋਂ ਕੱਢ ਦਿੱਤਾ ਗਿਆ। ਦਿ ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਇੱਕ ਮੀਡੀਆ ਮਾਹਰ ਕੈਮ ਜੁਟੀ ਨੂੰ ਉਸਦੇ ਬੌਸ ਮਾਈਕ ਵਿਡਮਰ ਦੁਆਰਾ ਪਰੇਸ਼ਾਨ ਕੀਤਾ ਗਿਆ ਸੀ, ਜਦੋਂ ਉਸਨੇ ਚਿੰਤਾਵਾਂ ਜ਼ਾਹਰ ਕੀਤੀਆਂ ਸਨ ਕਿ ਇੱਕ ਸਹਿਕਰਮੀ ਨੇ ਗੈਰ-ਕਾਨੂੰਨੀ ਤੌਰ ਤੇ ਬੋਨਸ ਪ੍ਰਾਪਤ ਕੀਤਾ ਹੈ। ਲਗਭਗ ਅੱਠ ਸਾਲਾਂ ਤੱਕ ਚੱਲੀ ਇੱਕ ਲੰਮੀ ਅਦਾਲਤੀ ਲੜਾਈ ਵਿੱਚ ਯੂਕੇ ਦੀ ਸੁਪਰੀਮ ਕੋਰਟ ਨੇ 2019 ਵਿੱਚ ਫ਼ੈਸਲਾ ਸੁਣਾਇਆ ਕਿ ਜੁਟੀ ਨੂੰ ਗ਼ਲਤ ਤਰੀਕੇ ਨਾਲ ਬਰਖਾਸਤ ਕਰ ਦਿੱਤਾ ਗਿਆ ਸੀ ਅਤੇ ਉਹ ਪੋਸਟ-ਟਰਾਮੈਟਿਕ ਤਣਾਅ ਅਤੇ ਗੰਭੀਰ ਡਿਪਰੈਸ਼ਨ ਤੋਂ ਪੀੜਤ ਸੀ। ਅਦਾਲਤ ਨੇ ਪਾਇਆ ਕਿ ਭਾਰਤੀ ਮੂਲ ਦੀ ਜੁਟੀ ਨੇ ਲੰਡਨ ਵਿੱਚ ਰਾਇਲ ਮੇਲ ਦੀ ਮਾਰਕੀਟਿੰਗ ਰੀਚ ਯੂਨਿਟ ਵਿੱਚ ਸਤੰਬਰ 2013 ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। ਜਦੋਂ ਜੁਟੀ ਨੂੰ ਟੀਮ ਦੇ ਇੱਕ ਮੈਂਬਰ ਤੇ ਕੰਪਨੀ ਦੀ ਬੋਨਸ ਨੀਤੀ ਦੀ ਉਲੰਘਣਾ ਕਰਨ ਦਾ ਸ਼ੱਕ ਹੁੰਦਾ ਹੈ, ਤਾਂ ਉਹ ਆਪਣੇ ਬੌਸ ਵਿਡਮਰ ਨਾਲ ਇਹ ਮੁੱਦਾ ਚੁੱਕਦੀ ਹੈ, ਜੋ ਉਸਦੇ ਵਿਰੁੱਧ ਧੱਕੇਸ਼ਾਹੀ ਦੀ ਮੁਹਿੰਮ ਸ਼ੁਰੂ ਕਰਦਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਸਹਿਕਰਮੀ ਕੰਪਨੀ ਦੀ ਨੀਤੀ ਦੀ ਉਲੰਘਣਾ ਕਰ ਰਿਹਾ ਸੀ। ਇਸ ਦੇ ਬਾਵਜੂਦ ਉਸ ਦੇ ਬੌਸ ਨੇ ਜੁਟੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਉਹ ਵੀ ਰਲਿਆ ਹੋਇਆ ਸੀ।





## ਮੈਕਸੀਕੋ 'ਚ 80 ਫੁੱਟ ਡੂੰਘੀ ਖਾਈ ਵਿੱਚ ਡਿੱਗੀ ਬੱਸ ਬੱਚੇ ਸਣੇ 27 ਦੀ ਮੌਤ

ਮੈਕਸੀਕੋ : ਮੈਕਸੀਕੋ ਦੇ ਦੱਖਣੀ ਸੂਬੇ ਓਆਕਸਾਕਾ 'ਚ ਰਾਤ ਨੂੰ ਇਕ ਬੱਸ 80 ਫੁੱਟ ਖੱਡ 'ਚ ਡਿੱਗ ਗਈ। ਇਸ ਹਾਦਸੇ ਵਿੱਚ ਇੱਕ ਸਾਲ ਦੇ ਬੱਚੇ ਸਮੇਤ 27 ਲੋਕਾਂ ਦੀ ਜਾਨ ਚਲੀ ਗਈ। ਇਸ ਦੇ ਨਾਲ ਹੀ 19 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਜ਼ਖਮੀਆਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ।ਜਾਣਕਾਰੀ ਅਨੁਸਾਰ ਬੱਸ ਮੈਕਸੀਕੋ ਸਿਟੀ ਤੋਂ ਓਕਸਾਕਾ ਦੇ ਯੋਸੁੰਦੁਆ ਜਾ ਰਹੀ ਸੀ। ਜਿਵੇ ਹੀ ਬੱਸ ਮਾਗਡਾਲੇਨਾ ਪੇਨਾਸਕੋ ਪਿੰਡ ਦੇ ਨੇੜੇ ਪਹੁੰਚੀ ਤਾਂ ਡਰਾਈਵਰ ਬੱਸ ਤੋਂ ਕੰਟਰੋਲ ਗੁਆ ਬੈਠਾ, ਜਿਸ ਕਾਰਨ ਬੱਸ ਖਾਈ 'ਚ ਜਾ ਡਿੱਗੀ। ਦੱਸਿਆ ਜਾ ਰਿਹਾ ਹੈ ਜਿਸ ਸ਼ਹਿਰ ਵਿੱਚ ਇਹ ਹਾਦਸਾ ਹੋਇਆ ਹੈ ਉਹ ਪਹਾੜੀ ਖੇਤਰ ਵਿੱਚ ਸਥਿਤ ਹੈ। ਇੱਥੇ ਘੁੰਮਣ ਵਾਲੀਆਂ ਸੜਕਾਂ ਅਤੇ ਡੂੰਘੀਆਂ ਖੱਡਾਂ ਹਨ। ਸਿਵਲ ਪ੍ਰੋਟੈਕਸ਼ਨ ਦੀ ਬਚਾਅ ਟੀਮ ਨੇ ਜ਼ਖਮੀਆਂ ਨੂੰ ਨੇੜਲੇ ਪਿੰਡ ਦੇ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ।ਓਕਸਾਕਾ ਸਰਕਾਰ ਦੇ ਸਕੱਤਰ ਜਨਰਲ ਜੀਸਸ ਰੋਮੇਰੋ ਲੋਪੇਜ਼ ਨੇ ਕਿਹਾ ਕਿ ਬੱਸ ਨੂੰ ਕ੍ਰੇਨ ਦੀ ਮਦਦ ਨਾਲ ਬਾਹਰ ਕੱਢਿਆ ਗਿਆ। ਇਸ ਹਾਦਸੇ ਵਿਚ ਮਰਨ ਵਾਲਿਆਂ ਵਿੱਚ 13 ਪੁਰਸ਼, 13 ਔਰਤਾਂ ਅਤੇ ਇੱਕ ਸਾਲ ਦਾ ਬੱਚਾ ਸ਼ਾਮਲ ਹੈ। ਜੀਸਸ ਰੋਮੇਰੋ ਨੇ ਦੱਸਿਆ ਕਿ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਫਿਲਹਾਲ ਅਜਿਹਾ ਲੱਗ ਰਿਹਾ ਹੈ ਕਿ ਹਾਦਸਾ ਕਿਸੇ ਤਕਨੀਕੀ ਖਰਾਬੀ ਕਾਰਨ ਹੋਇਆ ਹੈ।

# ਫਿਲਮ 'ਦ ਵਾਈਬ੍ਰੈਂਟ ਨੈਚੁਰਲ ਲੋਕੇਸ਼ਨਜ਼ ਆਫ ਪੰਜਾਬ ਟੂਰਿਜ਼ਮ' ਬ੍ਰਿਟਿਸ਼ ਸੰਸਦ 'ਚ ਰਿਲੀਜ਼

## ਯੂਨਾਈਟਿਡ ਕਿੰਗਡਮ ਵਿੱਚ ਸਥਿਤ ਭਾਰਤੀ ਭਾਈਚਾਰੇ ਨੂੰ ਸਮਰਪਿਤ ਫਿਲਮ

ਲੰਡਨ : ਲਾਰਡ ਐਂਡ ਲੇਡੀ ਫਲਾਈਟ, ਮੈਂਬਰ ਪਾਰਲੀਮੈਂਟ, ਹਾਊਸ ਆਫ ਕਾਮਨਜ਼ ਸ਼੍ਰੀ ਵਰਿੰਦਰ ਸ਼ਰਮਾ, ਮੈਂਬਰ ਪਾਰਲੀਮੈਂਟ ਸਟਾਕਪੋਰਟ ਸ਼੍ਰੀ ਨਵੇਂਦੂ ਮਿਸ਼ਰਾ ਅਤੇ ਸ਼੍ਰੀ ਡੋਮਿਨਿਕ, ਸੀਨੀਅਰ ਪਾਰਲੀਮੈਂਟਰੀ ਨੇ ਅੱਜ ਬ੍ਰਿਟਿਸ਼ ਪਾਰਲੀਮੈਂਟ ਵਿੱਚ ਇੱਕ ਵਿਸ਼ੇਸ਼ ਝਲਕ ਦੇ ਨਾਲ ਫਿਲਮ 'ਦਿ ਵਾਈਬ੍ਰੈਂਟ ਨੈਚੁਰਲ ਲੋਕੇਸ਼ਨਜ਼ ਆਫ ਪੰਜਾਬ ਟੂਰਿਜ਼ਮ' ਰਿਲੀਜ਼ ਕੀਤੀ। , ਫਿਲਮ ਦਾ ਉਦੇਸ਼ ਯੂਨਾਈਟਿਡ ਕਿੰਗਡਮ ਸਥਿਤ ਭਾਰਤੀ ਭਾਈਚਾਰੇ ਦੇ ਅੰਦਰ ਪੰਜਾਬ ਦੇ ਸੈਰ-ਸਪਾਟੇ ਦੇ ਘੱਟ ਜਾਣੇ-ਪਛਾਣੇ ਕੁਦਰਤੀ ਸਥਾਨਾਂ ਨੂੰ ਉਤਸ਼ਾਹਿਤ ਕਰਨਾ ਹੈ। ਪੰਜਾਬ ਆਧਾਰਿਤ ਕੁਦਰਤ ਕਲਾਕਾਰ, ਹੈਰੀਟੇਜ ਪ੍ਰਮੋਟਰ ਅਤੇ ਲੇਖਕ ਹਰਪ੍ਰੀਤ ਸੰਧੂ ਨੇ ਇੰਗਲੈਂਡ ਸਥਿਤ ਪੰਜਾਬੀ ਭਾਈਚਾਰੇ ਵਿੱਚ ਪੰਜਾਬ ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ ਫਿਲਮ ਦਾ ਨਿਰਦੇਸ਼ਨ ਕੀਤਾ ਹੈ। ਯੂਕੇ ਵਿੱਚ ਸਥਿਤ ਭਾਰਤੀ ਮੂਲ ਦੇ ਸੰਸਦ ਮੈਂਬਰਾਂ ਦੇ ਨਾਲ-ਨਾਲ ਰਾਜ ਸਭਾ ਦੇ ਸੰਸਦ ਮੈਂਬਰ ਸੰਜੀਵ ਅਰੋੜਾ ਦੇ ਸਮਰਥਨ ਨਾਲ ਇੱਕ ਨਵੀਨਤਾਕਾਰੀ ਕਦਮ ਦੀ ਸ਼ੁਰੂਆਤ ਕੀਤੀ ਗਈ ਹੈ।ਯੂਕੇ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੇ ਕਿਹਾ ਕਿ ਇਹ ਫਿਲਮ ਇੰਗਲੈਂਡ ਦੇ ਸਾਰੇ ਪੰਜਾਬੀ ਭਾਈਚਾਰੇ ਲਈ ਅੱਖਾਂ ਖੋਲ੍ਹਣ ਵਾਲੀ ਹੈ ਕਿਉਂਕਿ ਇਹ ਪੰਜਾਬ ਨੂੰ ਕੁਦਰਤ ਦੇ ਸਭ ਤੋਂ ਸ਼ਾਨਦਾਰ ਗਹਿਣਿਆਂ ਵਿੱਚੋਂ ਇੱਕ ਵਜੋਂ ਦਰਸਾਉਂਦੀ ਹੈ ਅਤੇ ਇਸ ਫਿਲਮ ਰਾਹੀਂ ਯੂਕੇ ਵਿੱਚ ਵੱਸਦੇ ਬਹੁਗਿਣਤੀ ਪ੍ਰਵਾਸੀ ਭਾਰਤੀ ਯਕੀਨੀ ਤੌਰ 'ਤੇ ਪੰਜਾਬ ਦੇ ਸੈਰ-ਸਪਾਟੇ ਦੇ ਇਨ੍ਹਾਂ ਸੁੰਦਰ ਕੁਦਰਤੀ ਸਥਾਨਾਂ ਦੇ ਗਵਾਹ ਹੋਣਗੇ। ਜਦੋਂ ਉਹ ਅਗਲੀ ਵਾਰ ਪੰਜਾਬ ਆਉਣਗੇ । ਯੂ ਕੇ ਪਾਰਲੀਮੈਂਟ ਵਿੱਚ ਕਰਵਾਏ ਗਏ ਫਿਲਮ ਦੇ ਵਿਸ਼ੇਸ਼ ਸ਼ੋਅ ਦੌਰਾਨ ਕਈ ਪ੍ਰਮੁੱਖ ਭਾਰਤੀ ਕਾਰੋਬਾਰੀ ਜਿਵੇਂ ਕਿ ਮੋਹਨ ਐਸ ਸਿੱਧੂ, ਜੈਜ਼ ਅਤੇ ਇੰਗਲੈਂਡ ਦੀਆਂ ਵੱਖ-ਵੱਖ ਥਾਵਾਂ ਤੋਂ ਪੰਜਾਬੀ ਭਾਈਚਾਰਾ ਵੀ ਮੌਜੂਦ ਸੀ।



# ਕੈਲੀਫੋਰਨੀਆ 'ਚ ਜਾਤੀ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਪਾਸ



ਨਿਊਯਾਰਕ , : ਅਮਰੀਕਾ ਦਾ ਕੈਲੀਫੋਰਨੀਆ ਦੇਸ਼ ਦਾ ਅਜਿਹਾ ਪਹਿਲਾ ਸੂਬਾ ਬਣਿਆ ਹੈ ਜਿਥੇ ਜਾਤੀ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਐਸਬੀ-403 ਪਾਸ ਹੋ ਗਿਆ ਹੈ। ਅਮਰੀਕਾ ਦੇ ਸਭ ਤੋਂ ਅਮੀਰ ਸੂਬੇ ਕੈਲੀਫੋਰਨੀਆ ਵਿੱਚ ਜਾਤੀ ਵਿਤਕਰੇ ਵਿਰੁੱਧ ਬਿੱਲ ਐਸ.ਬੀ-403 ਪਾਸ ਕਰ ਦਿੱਤਾ ਗਿਆ ਹੈ ਜੋ ਕਿ ਅਫਗਾਨ-ਅਮਰੀਕਨ ਮੂਲ ਦੀ ਫਰੀਮਾਂਟ ਕੈਲੀਫੋਰਨੀਆ ਤੋਂ ਡੈਮੋਕਰੈਟਿਕ ਸੈਨੇਟਰ ਆਇਸ਼ਾ ਵਹਾਬ ਵੱਲੋਂ ਲਿਆਂਦਾ ਗਿਆ ਸੀ। ਇਸ ਦੇ ਤਹਿਤ ਮੌਜੂਦਾ ਕਾਨੂੰਨ ਵਿਚ ਬਦਲਾਅ ਕੀਤੇ ਗਏ ਹਨ ਅਤੇ ਹੁਣ ਕੈਲੀਫੋਰਨੀਆ ਵਿੱਚ ਜਾਤ-ਪਾਤ ਆਧਾਰਿਤ ਵਿਤਕਰੇ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕੇਗੀ।ਦੱਸਣਯੋਗ ਹੈ ਕਿ ਪਹਿਲਾਂ ਇਹ ਬਿੱਲ ਕੈਲੀਫੋਰਨੀਆ ਦੀ ਸੈਨੇਟ ਵਿੱਚ ਪਾਸ ਹੋਇਆ ਸੀ ਅਤੇ ਇਸ ਬਿੱਲ ਦਾ ਕੁਝ ਹਿੰਦੂ ਜੱਥੇਬੰਦੀਆਂ ਵੱਲੋਂ ਵਿਰੋਧ ਵੀ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਅਜਿਹਾ ਹੀ ਬਿੱਲ ਸਿਟੀ ਆਫ਼ ਸਿਆਟਲ ਅਤੇ ਟੋਰਾਂਟੋ ਸਕੂਲ ਬੋਰਡ ਵੱਲੋਂ ਵੀ ਪਾਸ ਕੀਤਾ ਜਾ ਚੁੱਕਾ ਹੈ। ਖ਼ਬਰਾਂ 'ਚ ਜ਼ਿਕਰ ਸੀ ਕਿ ਵੱਡੀਆਂ ਅਮਰੀਕਨ ਆਈਟੀ ਜਾਂ ਹੋਰ ਮਲਟੀਨੈਸ਼ਨਲ ਕੰਪਨੀਆਂ ਵਿੱਚ ਕਈ ਤਥਾਕਥਿਤ ਉੱਚ ਜਾਤੀ ਦੇ ਲੋਕ ਕੰਮ ਕਰਦੇ ਹਨ ਅਤੇ ਉਹ ਆਪਣੇ ਨਾਲ ਕੰਮ ਕਰਦੇ ਨੀਵੀਂ ਜਾਤ ਦੇ ਸਾਥੀ ਕਾਮਿਆਂ ਨਾਲ ਵਿਤਕਰਾ ਕਰਦੇ ਸਨ ਤੇ ਉਨ੍ਹਾਂ ਦੇ ਹੇਠਾਂ ਕੰਮ ਕਰਨ ਤੋਂ ਨਾਂਹ ਕਰ ਦਿੰਦੇ ਹਨ। ਇਹੋ ਜਿਹੇ ਦੋਸ਼ ਕੈਨੇਡਾ ਵਿਖੇ ਟੋਰਾਂਟੋ ਦੇ ਸਕੂਲਾਂ ਵਿੱਚ ਵੀ ਲੱਗੇ ਸਨ।

# ਪਾਕਿਸਤਾਨ 'ਚ ਮੀਂਹ ਨੇ ਢਾਹਿਆ ਕਹਿਰ, ਚਾਰੇ ਪਾਸੇ ਪਾਣੀ ਹੀ ਪਾਣੀ, 9 ਦੀ ਮੌਤ

## ਸਿਰਫ 10 ਘੰਟਿਆਂ ਦੇ ਅੰਦਰ 290 ਮਿਲੀਮੀਟਰ ਪਿਆ ਮੀਂਹ

ਲਾਹੌਰ : ਪਾਕਿਸਤਾਨ ਦੇ ਲਾਹੌਰ ਚ ਭਾਰੀ ਮੀਂਹ ਨੇ ਤਬਾਹੀ ਮਚਾਈ ਹੋਈ ਹੈ। ਕਈ ਇਲਾਕਿਆਂ 'ਚ ਮਕਾਨਾਂ ਨੂੰ ਨੁਕਸਾਨ ਪੁੱਜਾ ਹੈ ਜਦਕਿ ਕਈ ਥਾਵਾਂ ਤੇ ਸੜਕਾਂ ਛੱਪੜ ਬਣ ਗਈਆਂ ਹਨ। ਇਥੇ ਬੀਤੇ ਦਿਨ ਹੋਈ ਭਾਰੀ ਬਾਰਿਸ਼ ਨੇ ਪਿਛਲੇ 30 ਸਾਲਾਂ ਦਾ ਰਿਕਾਰਡ ਤੋੜ ਦਿਤਾ ਅਤੇ ਸਿਰਫ 10 ਘੰਟਿਆਂ ਦੇ ਅੰਦਰ 290 ਮਿਲੀਮੀਟਰ ਮੀਂਹ ਪਿਆ। ਅਸਮਾਨ ਤੋਂ ਆਏ ਮੀਂਹ ਕਾਰਨ 9 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿਚ ਬਰਸਾਤੀ ਪਾਣੀ ਵਿਚ ਡੁੱਬਣ ਕਾਰਨ ਮਰਨ ਵਾਲਾ ਇਕ ਬੱਚਾ ਵੀ ਸ਼ਾਮਲ ਹੈ। ਇਸ ਤੋਂ ਇਲਾਵਾ 3 ਲੋਕਾਂ ਦੀ ਬਿਜਲੀ ਦਾ ਝਟਕਾ ਲੱਗਣ ਨਾਲ ਅਤੇ ਦੋ ਦੀ ਘਰ ਦੀ ਛੱਤ ਡਿੱਗਣ ਕਾਰਨ ਮੌਤ ਹੋ ਗਈ।ਪ੍ਰੋਵਿੰਸ਼ੀਅਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੇ ਡਾਇਰੈਕਟਰ ਜਨਰਲ ਇਮਰਾਨ ਕੁਰੈਸ਼ੀ ਨੇ ਦਸਿਆ ਕਿ ਪੰਜਾਬ ਸੂਬੇ 'ਚ ਬਾਰਸ਼ ਦੌਰਾਨ 9 ਲੋਕ ਜ਼ਖਮੀ ਹੋਏ ਹਨ ਅਤੇ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਪਾਕਿਸਤਾਨ 'ਚ ਮੌਸਮ ਵਿਭਾਗ ਨੇ ਪਹਿਲਾਂ ਹੀ ਤੇਜ਼ ਬਾਰਿਸ਼ ਦੀ ਸੰਭਾਵਨਾ ਜਤਾਈ ਹੈ। ਅਜਿਹੇ ਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਸ ਵਾਰ ਵੀ ਪਾਕਿਸਤਾਨ 'ਚ ਪਿਛਲੇ ਸਾਲ ਵਾਂਗ ਹੀ ਸਥਿਤੀ ਰਹੇਗੀ, ਉਹ ਵੀ ਜਦੋਂ ਦੇਸ਼ ਪਹਿਲਾਂ ਹੀ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ।ਪਿਛਲੇ ਸਾਲ ਵੀ ਪਾਕਿਸਤਾਨ ਵਿੱਚ ਭਾਰੀ ਮੀਂਹ ਅਤੇ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਸੀ। ਜਾਣਕਾਰੀ ਅਨੁਸਾਰ ਪਾਕਿਸਤਾਨ ਦਾ ਇਕ ਤਿਹਾਈ ਹਿੱਸਾ ਪਾਣੀ ਵਿੱਚ ਡੁੱਬ ਗਿਆ ਸੀ। ਇਸ ਦੌਰਾਨ 1700 ਲੋਕਾਂ ਦੀ ਮੌਤ ਹੋ ਗਈ ਸੀ ਜਦਕਿ ਕਈ ਲੋਕ ਬੇਘਰ ਹੋ ਗਏ ਸਨ। ਇੰਨਾ ਹੀ ਨਹੀਂ 10 ਲੱਖ ਤੋਂ ਵੱਧ ਘਰ ਰੁੜ੍ਹ ਗਏ ਅਤੇ ਕਰੀਬ 90 ਲੱਖ ਪਸ਼ੂਆਂ ਦੀ ਵੀ ਮੌਤ ਹੋ ਗਈ।



# ਵ੍ਹਾਈਟ ਹਾਊਸ 'ਚ ਸੰਗੀਤ ਅਤੇ ਆਤਿਸ਼ਬਾਜ਼ੀ ਨਾਲ ਮਨਾਇਆ ਸੁਤੰਤਰਤਾ ਦਿਵਸ

## ਅਸੀਂ ਸਾਰੇ ਆਪਣੇ ਲੋਕਤੰਤਰ ਦੇ ਜ਼ਰੂਰੀ ਕੰਮਾਂ ਲਈ ਆਪਣੇ ਆਪ ਨੂੰ ਸਮਰਪਿਤ ਕਰਾਂਗੇ : ਬਾਈਡੇਨ

ਵਾਸ਼ਿੰਗਟਨ : ਰਾਸ਼ਟਰਪਤੀ ਜੋਅ ਬਾਈਡੇਨ ਅਤੇ ਪਹਿਲੀ ਮਹਿਲਾ ਜਿਲ ਬਾਈਡੇਨ ਨੇ ਮੰਗਲਵਾਰ ਸ਼ਾਮ ਨੂੰ ਵਾਈਟ ਹਾਊਸ ਵਾਸ਼ਿੰਗਟਨ ਡੀ.ਸੀ ਵਿਖੇ ਫੌਜੀ ਪਰਿਵਾਰਾਂ ਦੀ ਮੇਜ਼ਬਾਨੀ ਕਰਕੇ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇ ਸੁਤੰਤਰਤਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ। ਇਸ ਵਿੱਚ ਲਾਈਵ ਸੰਗੀਤ ਦੇ ਨਾਲ-ਨਾਲ ਆਤਿਸ਼ਬਾਜ਼ੀ ਵੀ ਕੀਤੀ ਗਈ, ਜੋ ਇੱਕ ਸ਼ਾਨਦਾਰ ਦੇਖਣਯੋਗ ਪ੍ਰਦਰਸ਼ਨੀ ਸੀ। ਇਹ ਸਮਾਗਮ ਸ਼ਾਮ 5 ਵਜੇ ਦੇ ਕਰੀਬ ਸ਼ੁਰੂ ਹੋਇਆ। ਸਾਊਥ ਲਾਅਨ ਤੇ ਸਰਗਰਮ-ਡਿਊਟੀ ਤੇ ਤਾਇਨਾਤ ਨੈਸ਼ਨਲ ਗਾਰਡ ਫੌਜੀ ਪਰਿਵਾਰਾਂ ਦੇ ਨਾਲ ਵ੍ਹਾਈਟ ਹਾਊਸ ਵਿੱਚ ਮੌਜੂਦ ਸਨ। ਇਸ ਮੌਕੇ ਚੈਪਲੇਨ ਜੌਨ ਬਰਕੇਮੇਅਰ ਦੁਆਰਾ ਕੀਤੀ ਪ੍ਰਾਰਥਨਾ ਤੋਂ ਬਾਅਦ ਪਹਿਲ਼ੀ ਮਹਿਲਾ ਰਾਸਟਰਪਤੀ ਦੀ ਪਤਨੀ ਜਿਲ ਬਾਈਡੇਨ ਨੇ ਵ੍ਹਾਈਟ ਹਾਊਸ ਵਿੱਚ ਫੌਜੀ ਪਰਿਵਾਰਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਉਹਨਾਂ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਤੁਸੀਂ ਬਹਾਦਰ ਅਤੇ ਦਲੇਰ ਹੋ ਅਤੇ ਲਗਭਗ 1% ਅਮਰੀਕੀ ਜਿਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਸੁਰੱਖਿਅਤ ਰੱਖਣ ਦੀ ਚੋਣ ਕੀਤੀ ਹੈ ਅਸੀਂ ਤੁਹਾਡੇ ਦੁਆਰਾ ਕੀਤੇ ਗਏ ਦੇਸ਼ ਦੇ ਕੰਮਾਂ ਦੇ ਲਈ ਸਭ ਲਈ ਅਸੀ ਬਹੁਤ ਧੰਨਵਾਦੀ ਹਾਂ। ਰਾਸ਼ਟਰਪਤੀ ਬਾਈਡੇਨ ਨੇ ਕਿਹਾ ਕਿ ਸੰਯੁਕਤ ਰਾਜ ਇਤਿਹਾਸ ਵਿੱਚ ਇੱਕ ਅਜਿਹਾ ਦੇਸ਼ ਹੈ ਜਿਸਦੀ ਸਥਾਪਨਾ ਇੱਕ ਵਿਚਾਰ ਤੇ ਕੀਤੀ ਗਈ ਸੀ ਜੋ ਸਾਰੇ ਧਰਮਾਂ ਅਤੇ ਲੋਕਾਂ ਨੂੰ ਬਰਾਬਰ ਮੰਨਦਾ ਹੈ।ਇਸ ਮੌਕੇ ਸੰਗੀਤ ਵਿੱਚ ਯੂ.ਐੱਸ ਮਿਲਟਰੀ ਦੇ ਪ੍ਰੀਮੀਅਰ ਬੈਂਡਾਂ, ਗਾਇਕ-ਗੀਤਕਾਰ ਅਤੇ ਅਨੁਭਵੀ ਫੌਜ ਦੀ ਪਤਨੀ ਬੇਕਾ ਰਾਏ ਗ੍ਰੀਨ, ਡੀਜੇ ਡੀ-ਨਾਇਸ, ਗ੍ਰੈਮੀ ਅਵਾਰਡ ਜੇਤੂ ਕੰਟਰੀ ਸੰਗੀਤਕਾਰ ਬ੍ਰਦਰਜ਼ ਓਸਬੋਰਨ ਅਤੇ ਤਿੰਨ ਵਾਰ ਦੇ ਗ੍ਰੈਮੀ ਪੁਰਸਕਾਰ ਜੇਤੂ ਸੰਗੀਤਕਾਰ ਯੋ ਦੁਆਰਾ ਪੇਸ਼ਕਾਰੀ ਦਿੱਤੀ ਗਈ।



# ਨਿਊਜ਼ੀਲੈਂਡ ਦੀ ਪ੍ਰਮੁੱਖ ਰੀਅਲ ਅਸਟੇਟ ਕੰਪਨੀ ਦੇ ਅਹਿਮ ਅਹੁਦੇ 'ਤੇ ਪਹੁੰਚਿਆ ਗੁਰਜੀਤ ਸੇਖੋਂ

ਆਕਲੈਂਡ,: ਅਪਣੀ ਲਗਨ ਤੇ ਮਿਹਨਤ ਸਦਕਾ 39 ਸਾਲਾ ਪੰਜਾਬੀ ਨੌਜੁਆਨ ਗੁਰਜੀਤ ਸੇਖੋਂ ਨੇ ਨਿਊਜ਼ੀਲੈਂਡ ਦੀ ਮਸ਼ਹੂਰ ਰੀਅਲ ਅਸਟੇਟ ਕੰਪਨੀ ਬਾਰਫੁੱਟ ਐਂਡ ਧਾਂਮਪਸਨ ਵਿਚ ਮੈਨੇਜਰ ਦੀ ਉਪਾਧੀ ਹਾਸਲ ਕੀਤੀ ਹੈ, ਗੁਰਜੀਤ ਉਟਾਹੂਹੂ ਬ੍ਰਾਂਚ ਦਾ ਮੈਨੇਜਰ ਬਣਿਆ ਹੈ।ਇਹ ਉਪਲਬਧੀ ਹਾਸਲ ਕਰ ਕੇ ਗੁਰਜੀਤ ਨਿਊਜ਼ੀਲੈਂਡ ਆਉਣ ਵਾਲੇ ਨੌਜੁਆਨਾਂ ਲਈ ਪ੍ਰੇਰਣਾ ਦਾ ਸਰੋਤ ਬਣ ਗਿਆ ਹੈ। ਗੁਰਜੀਤ 2007 ਵਿਚ ਬਤੌਰ ਅੰਤਰ-ਰਾਸ਼ਟਰੀ ਵਿਦਿਆਰਥੀ ਨਿਊਜ਼ੀਲੈਂਡ ਗਿਆ ਸੀ ਅਤੇ ਇੱਥੇ ਉਸ ਨੇ ਆਕਲੈਂਡ ਯੂਨੀਵਰਸਿਟੀ ਤੋਂ ਬਿਜਨਸ ਸਟੱਡੀ ਦਾ ਡਿਪਲੋਮਾ ਕੀਤਾ। ਗੁਰਜੀਤ ਪੰਜਾਬ ਦੇ ਬਾਬਾ ਬੰਦਾ ਸਿੰਘ ਬਹਾਦ ਕਾਲਜ ਤੋਂ ਬੀ,ਟੈੱਕ ਦੀ ਡਿਗਰੀ ਹਾਸਲ ਕਰ ਕੇ ਇੱਥੇ ਪਹੁੰਚਿਆ ਸੀ। ਗੁਰਜੀਤ ਨੇ ਦਸਿਆ ਕਿ ਇਸ ਮੁਕਾਮ ਨੂੰ ਹਾਸਲ ਕਰ ਲਈ ਉਸ ਨੇ ਬਹੁਤ ਮਿਹਨਤ ਕੀਤੀ ਹੈ ਉਸ ਨੇ ਦਸਿਆ ਕਿ ਇਥੇ ਆ ਕੇ ਰੈਸਟੋਰੈਂਟ ਤੋਂ ਲੈ ਕੇ ਟੈਕਨੀਕਲ ਹੈਲਪ ਡੈਸਕ ਅਤੇ ਬਤੌਰ ਟੈਕਸੀ ਡਰਾਈਵਰ ਮਿਹਨਤ ਕੀਤੀ।ਨਿਊਜ਼ੀਲੈਂਡ ਪਹੁੰਚ ਕੇ ਉਸ ਨੇ 2011 ਵਿਚ ਪਹਿਲਾਂ ਅਪਣਾ ਘਰ ਖਰੀਦਿਆ, ਜਿਸ ਰੀਅਲ ਅਸਟੇਟ ਏਜੰਟ ਨੇ ਗੁਰਜੀਤ ਨੂੰ ਘਰ ਵੇਚਿਆ ਸੀ ਉਸ ਨੇ ਗੁਰਜੀਤ ਦੇ ਕੰਮ ਲਈ ਜਜ਼ਬੇ ਨੂੰ ਪਹਿਚਾਨਿਆ ਤੇ ਰੀਅਲ ਅਸਟੇਟ ਫੀਲਡ ਵਿਚ ਆਉਣ ਲਈ ਪ੍ਰੇਰਿਤ ਕੀਤਾ। 2014 ਵਿਚ ਗੁਰਜੀਤ ਨੇ ਉਟਾਹੂਹੂ ਬ੍ਰਾਂਚ ਜੋਇਨ ਕੀਤੀ ਤੇ ਜਲਦ ਹੀ ਉਹ ਟਾਪ ਪ੍ਰਫਾਰਮਰ ਬਣ ਗਿਆ ਤੇ 2015 ਤੱਕ ਨੰਬਰ ਇਕ ਦੇ ਰੀਅਲ ਅਸਟੇਟ ਏਜੰਟਾਂ ਵਿਚ ਸ਼ਾਮਲ ਹੋ ਗਿਆ।



# ਪਸੀਨਾ ਬਣਿਆ ਜਾਨ ਦਾ ਦੁਸ਼ਮਣ



ਟਰੂਰੋ (ਕਾਰਨਵਾਲ) ਦੇ ਰਹਿਣ ਵਾਲੇ 3 ਸਾਲ ਫਰੈਡ ਜੇਮਸ ਨੂੰ ਜਨਮ ਤੋਂ ਹੀ ਇਕ ਦੁਰਲੱਭ ਬੀਮਾਰੀ ਹੈ, ਜਿਸ ਕਾਰਨ ਗਰਮੀ ਲਗ ਕੇ ਪਸੀਨਾ ਆਉਣ ਨਾਲ ਉਸ ਦੀ ਮੌਤ ਹੋ ਸਕਦੀ ਹੈ। ਅਸਲ 'ਚ ਉਸ ਦਾ ਜਨਮ ਪਸੀਨੇ ਦੀਆਂ ਗ੍ਰੰਥੀਆਂ ਤੋਂ ਬਿਨਾ ਹੋਇਆ ਹੈ। ਇਸੇ ਲਈ ਉਸ ਦੇ ਮਾਤਾ ਪਿਤਾ ਉਸ ਨੂੰ ਪੱਖੇ ਦੀ ਹਵਾ, ਪਾਣੀ ਦੇ ਛਿੜਕਾਅ ਅਤੇ ਸਰਫ ਦੇ ਟੁਕੜਿਆਂ ਨਾਲ ਹਮੇਸ਼ਾ ਠੰਡਾ ਰੱਖਦੇ ਹਨ। ਸਰੀਰ ਨੂੰ ਗਰਮੀ ਨਾਲ ਲੱਗੇ, ਇਸ ਲਈ ਉਹ ਕਦੇ ਖੇਡਦਾ ਵੀ ਨਹੀਂ।

# ਬਿਨਾਂ ਲਾੜਿਓਂ ਢੁੱਕੀ ਬਰਾਤ ਲੈ ਗਈ ਡੋਲੀ !

## ਵਿਦੇਸ਼ੋਂ ਛੁੱਟੀ ਨਾ ਮਿਲਣ ਕਾਰਨ ਮੌਕੇ 'ਤੇ ਨਾ ਪਹੁੰਚ ਸਕਿਆ ਲਾੜਾ

ਕਲਾਨੌਰ : ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ ਗਏ ਸਰਹੱਦੀ ਪਿੰਡ ਮਸਤਕੋਟ ਦੇ ਇੱਕ ਲੜਕੇ ਨੂੰ ਆਪਣੇ ਵਿਆਹ ਮੌਕੇ ਛੁੱਟੀ ਨਾ ਮਿਲਣ ਕਾਰਨ ਬਰਾਤ ਬਿਨਾਂ ਲਾੜੇ ਦੇ ਹੀ ਢੁੱਕ ਗਈ ਅਤੇ ਡੋਲੀ ਲੈ ਕੇ ਪਿੰਡ ਪਰਤ ਆਈ। ਜਾਣਕਾਰੀ ਅਨੁਸਾਰ ਇਸ ਬਲਾਕ ਦੇ ਪਿੰਡ ਮਸਤਕੋਟ ਵਾਸੀ ਬੂਟਾ ਸਿੰਘ ਪੁੱਤਰ ਅਵਤਾਰ ਸਿੰਘ ਦਾ ਨੇੜਲੇ ਪਿੰਡ ਅਠਵਾਲ(ਅਰਜਨਵਾਲ) ਦੀ ਲੜਕੀ ਰਾਜਬੀਰ ਕੌਰ ਪੁੱਤਰੀ ਸੁਖਵਿੰਦਰ ਸਿੰਘ ਨਾਲ ਰਿਸ਼ਤਾ ਹੋਇਆ ਸੀ। ਇਨ੍ਹਾਂ ਦੇ ਵਿਆਹ ਲਈ 29 ਤਾਰੀਖ ਦਾ ਦਿਨ ਮਿੱਥਿਆ ਗਿਆ ਸੀ। ਇਸ ਤਹਿਤ ਦੋਹਾਂ ਪਰਿਵਾਰਾਂ ਵਾਲਿਆਂ ਨੇ ਵਿਆਹ ਦੀਆਂ ਪੂਰੀਆਂ ਤਿਆਰੀਆਂ ਕਰ ਲਈਆਂ ਪਰ ਵਿਦੇਸ਼ ਵਿੱਚ ਨੌਕਰੀ ਕਰਦੇ ਲਾੜੇ ਨੂੰ ਵਿਆਹ 'ਤੇ ਛੁੱਟੀ ਨਾ ਮਿਲੀ। ਇਸ ਕਾਰਨ ਦੋਹਾਂ ਪਰਿਵਾਰਾਂ ਨੇ ਆਪਸੀ ਸਹਿਮਤੀ ਨਾਲ ਲੜਕੇ ਦੀ ਫੋਟੋ ਨਾਲ ਹੀ ਲੜਕੀ ਦਾ ਵਿਆਹ ਕਰਨ ਬਾਰੇ ਯੋਜਨਾ ਬਣਾਈ। ਇਸ ਤਹਿਤ ਬੀਤੇ ਐਤਵਾਰ ਨੂੰ ਪਿੰਡ ਮਸਤਕੋਟ ਤੋਂ ਬਰਾਤ ਸਜ ਧੱਜ ਕੇ ਲੜਕੇ ਦੀ ਫੋਟੋ ਦੇ ਨਾਲ ਗੁਰਦੁਆਰਾ ਤਪ ਅਸਥਾਨ ਨਿੱਕੇ ਘੁੰਮਣ ਵਿਖੇ ਪਹੁੰਚੀ। ਇਸ ਦੌਰਾਨ ਲੜਕੀ ਵੱਲੋਂ ਲੜਕੇ ਦੀ ਫੋਟੋ ਨਾਲ ਹੀ ਗੁਰ ਮਰਿਆਦਾ ਅਨੁਸਾਰ ਵਿਆਹ ਦੀਆਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਗਈਆਂ। ਮਗਰੋਂ ਬਰਾਤ ਲੜਕੇ ਦੀ ਫੋਟੋ ਨਾਲ ਲੜਕੀ ਨੂੰ ਵਿਆਹ ਕੇ ਪਿੰਡ ਮਸਤਕੋਟ ਪਰਤ ਆਈ। ਲੜਕੇ ਦੀ ਮਾਂ ਵੱਲੋਂ ਘਰ ਵਿੱਚ ਨੂੰਹ ਆਉਣ 'ਤੇ ਪਾਣੀ ਵਾਰਨ ਆਦਿ ਦੀਆਂ ਵੀ ਰਸਮਾਂ ਕੀਤੀਆਂ ਗਈਆਂ। ਇਸ ਦੌਰਾਨ ਰਿਸ਼ਤੇਦਾਰਾਂ ਵੱਲੋਂ ਵੀ ਪੂਰੀਆਂ ਖੁਸ਼ੀਆਂ ਮਨਾਈਆਂ ਗਈਆਂ ਅਤੇ ਭੰਗੜੇ ਪਾਏ ਗਏ। ਜ਼ਿਕਰਯੋਗ ਹੈ ਕਿ ਇਸ ਇਲਾਕੇ ਵਿੱਚ ਫੋਟੋ ਨਾਲ ਵਿਆਹ ਕਰਵਾਉਣ ਦੀ ਇਹ ਦੂਜੀ ਘਟਨਾ ਹੈ।



ਪਿੰਡ ਮਸਤਕੋਟ ਵਿਖੇ ਪਾਣੀ ਵਾਰਨ ਦੀ ਰਸਮ ਕਰਦੀ ਹੋਈ ਲੜਕੇ ਦੀ ਮਾਂ।

# ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਨੂੰ ਐਨ.ਆਰ.ਆਈ. ਕਾਰਡ ਜਾਰੀ ਕਰਨ ਦਾ ਫੈਸਲਾ



## ਸਹੂਲਤਾਂ


- *ਐਨ ਆਰ ਆਈ ਕਾਰਡ ਤਹਿਤ ਮਿਆਰੀ ਡਾਕਟਰੀ ਇਲਾਜ, ਖਰੀਦਦਕਾਰੀ 'ਤੇ ਰਿਆਇਤ ਅਤੇ ਪਹਿਲ ਦੇ ਆਧਾਰ 'ਤੇ ਘਰਾਂ ਦੀ ਹੋਵੇਗੀ ਅਲਾਟਮੈਂਟ*

ਚੰਡੀਗੜ੍ਹ : ਪੰਜਾਬ ਸਰਕਾਰ ਨੇ ਬੀਤੇ ਦਿਨੀਂ ਬਾਹਰਲੇ ਮੁਲਕਾਂ ਵਿੱਚ ਵੱਸਦੇ ਸਮੂਹ ਪੰਜਾਬੀ ਪ੍ਰਵਾਸੀ ਭਾਰਤੀਆਂ ਨੂੰ ਖ਼ਾਸ ਸ਼ਨਾਖਤ ਤੇ ਕਈ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਇੱਕ ਪ੍ਰਵਾਸੀ ਭਾਰਤੀ ਕਾਰਡ (ਐਨ.ਆਰ.ਆਈ. ਕਾਰਡ) ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ।ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨਾਲ ਕੀਤੀ ਇੱਕ ਮੀਟਿੰਗ ਦੌਰਾਨ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨੂੰ ਹੁਕਮ ਦਿੱਤੇ ਹਨ ਕਿ ਉਹ ਇਸ ਪ੍ਰਸਤਾਵ ਦੇ ਵੇਰਵਿਆਂ ਨੂੰ ਅੰਤਿਮ ਰੂਪ ਦਿੰਦੇ ਹੋਏ ਛੇਤੀ ਇਸ ਨੂੰ ਲਾਗੂ ਕਰੇ। ਉਪ ਮੁੱਖ ਮੰਤਰੀ ਨੇ ਹਰ ਪ੍ਰਵਾਸੀ ਭਾਰਤੀ ਨੂੰ ਇੱਕ ਨਿਵੇਕਲਾ ਪ੍ਰਵਾਸੀ ਭਾਰਤੀ ਕਾਰਡ ਪ੍ਰਦਾਨ ਕਰਨ ਦੇ ਫ਼ੈਸਲੇ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਵਾਸੀ ਭਾਰਤੀ ਇਹ ਕਾਰਡ ਹਾਸਲ ਕਰਨ ਲਈ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਵਿਭਾਗ ਦੀ ਵੈਬਸਾਈਟ 'ਤੇ ਆਪਣਾ ਬਿਨੈ ਪੱਤਰ ਦੇ ਸਕਣਗੇ। ਇਹ ਕਾਰਡ ਪ੍ਰਵਾਸੀ ਭਾਰਤੀਆਂ ਨੂੰ ਸਰਕਾਰੀ ਮੰਤਵ ਲਈ ਸ਼ਨਾਖਤ ਦੇਣ ਤੋਂ ਇਲਾਵਾ ਮਿਆਰੀ ਡਾਕਟਰੀ ਸਹੂਲਤਾਂ ਦੇ ਨਾਲ-ਨਾਲ ਪੰਜਾਬ ਵਿੱਚ ਖ਼ਰੀਦਦਾਰੀ 'ਤੇ ਆਕਰਸ਼ਕ ਰਿਆਇਤ ਦੀ ਵਿਵਸਥਾ ਵੀ ਕਰੇਗਾ। ਉਨ੍ਹਾਂ ਪੁੱਡਾ ਨੂੰ ਨਿਰਦੇਸ਼ ਦਿੱਤੇ ਕਿ ਘਰਾਂ ਦੀ ਅਲਾਟਮੈਂਟ ਮੌਕੇ ਪ੍ਰਵਾਸੀ ਭਾਰਤੀਆਂ ਨੂੰ ਪਹਿਲ ਦੇ ਸਕਣ ਦੀਆਂ ਸੰਭਾਵਨਾਵਾਂ ਦਾ ਵੀ ਪਤਾ ਲਾਇਆ ਜਾਵੇ।ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਉਪ ਮੁੱਖ ਮੰਤਰੀ ਨੂੰ ਦੱਸਿਆ ਕਿ ਵਿਭਾਗ ਦੀ ਵਿਸਥਾਰਤ ਵੈਬਸਾਈਟ ਤੇ ਪੋਰਟਲ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਅਤੇ ਇਹ ਅਗਲੇ ਮਹੀਨੇ ਤੋਂ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਵੈਬਸਾਈਟ 'ਤੇ ਐਨ.ਆਰ.ਆਈ. ਖ਼ੁਦ ਨੂੰ ਦਰਜ ਕਰ ਸਕਣਗੇ ਤੇ ਇੱਥੋਂ ਤੱਕ ਕਿ ਐਨ.ਆਰ.ਆਈ. ਕਾਰਡ ਵੀ ਵੈਬਸਾਈਟ ਤੋਂ ਆਪਣੇ ਆਪ ਜਾਰੀ ਹੋ ਸਕੇਗਾ। ਉਨ੍ਹਾਂ ਕਿਹਾ ਕਿ ਹਰ ਪ੍ਰਵਾਸੀ ਭਾਰਤੀ ਦੀ ਰਜਿਸਟਰੇਸ਼ਨ ਨੂੰ ਲਾਜ਼ਮੀ ਬਣਾਇਆ ਗਿਆ ਹੈ। ਸ੍ਰੀ ਬਾਦਲ ਨੇ ਕਿਹਾ ਕਿ 24 ਘੰਟੇ ਚੱਲਣ ਵਾਲੀ ਐਨ.ਆਰ.ਆਈ. ਹੈਲਪਲਾਈਨ ਨੂੰ ਵੀ ਅਗਲੇ ਮਹੀਨੇ ਤੋਂ ਸ਼ੁਰੂ ਕਰ ਦਿੱਤਾ ਜਾਵੇ ਤਾਂ ਜੋ ਪ੍ਰਵਾਸੀ ਭਾਰਤੀ ਕਿਸੇ ਵੀ ਸਮੇਂ ਆਪਣੀ ਸ਼ਿਕਾਇਤ ਦਰਜ ਕਰਵਾ ਸਕਣ ਤੇ ਉਨ੍ਹਾਂ ਨੂੰ ਇੱਕ ਨਿਰਧਾਰਤ ਸਮੇਂ ਅੰਦਰ ਉਨ੍ਹਾਂ ਦੀ ਸ਼ਿਕਾਇਤ 'ਤੇ ਹੋਈ ਕਾਰਵਾਈ ਬਾਰੇ ਦੱਸਿਆ ਜਾਵੇ। ਉਨ੍ਹਾਂ ਸੈਰ ਸਪਾਟਾ ਵਿਭਾਗ ਨੂੰ ਵੀ ਹਦਾਇਤ ਕੀਤੀ ਕਿ 'ਆਪਣੀ ਮਾਤ ਭੂਮੀ ਨੂੰ ਜਾਣੋਂ' ਸਿਰਲੇਖ ਹੇਠ ਇੱਕ ਵਿਦਿਆਰਥੀਆਂ ਦੇ ਅਦਾਨ-ਪ੍ਰਦਾਨ ਦੇ ਪ੍ਰੋਗਰਾਮ ਦੀਆਂ ਸੰਭਾਵਨਾਵਾਂ ਦਾ ਪਤਾ ਲਾਇਆ ਜਾਵੇ ਤਾਂ ਜੋ ਪ੍ਰਵਾਸੀ ਭਾਰਤੀ ਆਪਣੇ ਬੱਚਿਆਂ ਨੂੰ ਇੱਕ ਮਹੀਨੇ ਦਾ ਪੰਜਾਬ ਦੌਰਾ ਕਰਵਾ ਕੇ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਤੋਂ ਜਾਣੂ ਕਰਵਾ ਸਕਣ।

ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ 'ਤੇ ਜ਼ਬਰੀ ਕਬਜ਼ਿਆਂ ਬਾਰੇ ਚਿੰਤਾ ਪ੍ਰਗਟ ਕਰਦਿਆਂ ਉਪ ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਤੇ ਵਤਨ ਵਾਪਸ ਆਉਣ ਦੇ ਇਛੁੱਕ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਨੂੰ ਕਿਰਾਏਦਾਰਾਂ ਤੋਂ ਖ਼ਾਲੀ ਕਰਵਾਉਣ ਲਈ ਕਾਨੂੰਨ 'ਚ ਸੋਧ ਦੀ ਪ੍ਰਕਿਰਿਆ ਅਰੰਭੀ ਜਾਵੇ। ਉਨ੍ਹਾਂ ਮਾਲ ਵਿਭਾਗ ਨੂੰ ਉਨ੍ਹਾਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਵੀ ਕਿਹਾ ਕਿ ਜੇਕਰ ਪ੍ਰਵਾਸੀ ਭਾਰਤੀ ਚਾਹੁਣ ਤਾਂ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਸਰਕਾਰ ਵੱਲੋਂ ਅਪਣਾ ਕੇ ਰਾਜ ਦੀ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਪ੍ਰਵਾਸੀ ਭਾਰਤੀਆਂ ਨੂੰ ਕਈ ਤਰ੍ਹਾਂ ਦੀਆਂ ਦਰਪੇਸ਼ਾਂ ਕਾਨੂੰਨੀ ਅੜਚਨਾਂ ਬਾਰੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਕਾਨੂੰਨੀ ਮਾਹਿਰਾਂ ਦਾ ਇੱਕ ਪੈਨਲ ਤਿਆਰ ਕਰਨ, ਜਿਸ ਰਾਹੀਂ ਪ੍ਰਵਾਸੀ ਭਾਰਤੀਆਂ ਨੂੰ ਮੁਸੀਬਤ ਦੀ ਸਥਿਤੀ ਵਿੱਚ ਕਾਨੂੰਨੀ ਸਹਾਇਤ ਪ੍ਰਦਾਨ ਕੀਤੀ ਜਾ ਸਕੇ।

# ਯੂ. ਕੇ. 'ਚ 7 ਸਾਲ ਦੇ ਬੱਚੇ ਵੀ ਲੈ ਰਹੇ ਹਨ ਨਸ਼ੀਲੇ ਪਦਾਰਥ

## ਬੱਚਿਆਂ ਦਾ ਡਰੱਗਸ ਅਤੇ ਅੈਲਕੋਹਲ ਦੀ ਵਰਤੋਂ ਕਰਨ ਦਾ ਮੁੱਖ ਕਾਰਨ ਮਾਤਾ-ਪਿਤਾ ਦਾ ਵੱਲ ਉਨ੍ਹਾਂ ਵੱਲ ਧਿਆਨ ਨਾ ਦੇਣਾ



ਲੰਡਨ- ਇਕ ਅਧਿਕਾਰਿਕ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਬਰਤਾਨਵੀਂ ਬੱਚਿਆਂ 'ਚੋਂ 7 ਸਾਲ ਦੇ ਛੋਟੇ ਬੱਚੇ ਵੀ ਭੰਗ ਅਤੇ ਹੋਰ ਕਈ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਰਹੇ ਹਨ।ਸਰਕਾਰ ਦੇ ਸਾਲਾਨਾ ਅਪਰਾਧ ਸਰਵੇਖਣ 'ਚ ਪਾਇਆ ਗਿਆ ਹੈ ਕਿ 9 ਸਾਲ ਦੇ ਬੱਚੇ ਕੋਕੀਨ 'ਤੇ ਵੀ ਆਪਣਾ ਹੱਥ ਅਜ਼ਮਾ ਰਹੇ ਹਨ।ਐਸਾ ਇਸ ਲਈ ਕਰਦੇ ਹਨ ਕਿਉਂ ਕਿ ਉਨ੍ਹਾਂ ਦੇ ਮਾਤਾ-ਪਿਤਾ ਦਾ ਉਨ੍ਹਾਂ 'ਤੇ ਕੰਟਰੋਲ ਨਹੀਂ ਹੈ।ਇਸ ਸਰਵੇਖਣ 'ਚ ਪਹਿਲੀ ਵਾਰ ਬ੍ਰਿਟੇਨ ਦੇ ਇਨ੍ਹੀ ਛੋਟੀ ਉਮਰ ਦੇ ਬੱਚਿਆਂ 'ਚ ਭੰਗ ਅਤੇ ਕੋਕੀਨ ਵਰਗੇ ਡਰੱਗਸ ਦਾ ਸੇਵਨ ਦੇਖਣ ਨੂੰ ਮਿਲਿਆ ਹੈ।ਸਰਵੇਖਣ 'ਚ ਪਾਇਆ ਹੈ ਕਿ ਲਗਭਗ ਹਰ 3 ਬੱਚਿਆਂ 'ਚੋਂ ਇਕ ਬੱਚੇ ਨੇ 16 ਸਾਲ ਤੋਂ ਵੀ ਘੱਟ ਉਮਰ 'ਚ ਘੱਟੋ ਘਟ ਇਕ ਵਾਰ ਭੰਗ ਦਾ ਸੇਵਨ ਕੀਤਾ ਹੋਇਆ ਹੈ।ਫੈਮਿਲੀ ਲਾਈਵਸ ਨਾਮ ਦੀ ਸੰਸਥਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਜੇਰੇਮੀ ਟਾਡ ਨੇ ਕਿਹਾ ਕਿ ਅਸੀਂ ਹਰ ਸਾਲ ਹਜ਼ਾਰਾਂ ਪਰਿਵਾਰਾਂ ਨਾਲ ਗੱਲ ਕਰਦੇ ਹਾਂ।ਸਬੂਤ ਦਰਸਾਉਂਦੇ ਹਨ ਕਿ ਡਰੱਗਸ ਅਤੇ ਐਲਕੋਹਲ ਦੀ ਵਰਤੋਂ ਕਰਨ ਵਾਲੇ ਬੱਚਿਆਂ 'ਤੇ ਮੁੱਖ ਪ੍ਰਭਾਵ ਉਨ੍ਹਾਂ ਦੇ ਮਾਤਾ-ਪਿਤਾ ਦਾ ਹੁੰਦਾ ਹੈ।ਜੇਕਰ ਮਾਤਾ-ਪਿਤਾ ਆਪਣੇ ਬੱਚਿਆਂ ਨਾਲ ਸਹੀ ਢੰਗ ਨਾਲ ਇਸ ਮਸਲੇ 'ਤੇ ਗੱਲ ਕਰਨ ਤਾਂ ਉਨ੍ਹਾਂ ਨੂੰ ਇੰਨ੍ਹੀ ਛੋਟੀ ਉਮਰ 'ਚ ਡਰੱਗਸ ਲੈਣ ਤੋਂ ਰੋਕ ਸਕਦੇ ਹਨ, ਤਾਂ ਕਿ ਅੱਗੇ ਚਲ ਕੇ ਉਨ੍ਹਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਹਾਲਾਂ ਕਿ ਇਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਹਾਈ ਸਕੂਲ 'ਚ ਡਰੱਗਸ ਲੈਣ ਵਾਲੇ ਬੱਚਿਆਂ ਦੀ ਗਿਣਤੀ 'ਚ 12 ਫੀਸਦੀ ਕਮੀ ਆਈ ਹੈ।

# ਜੋੜੇ ਝਾੜਨ ਦੀ 'ਸੇਵਾ' ਕਰਨ 'ਤੇ ਪਾਕਿਸਤਾਨ ਦਾ ਕਾਨੂੰਨ ਅਫ਼ਸਰ ਬਰਖ਼ਾਸਤ

ਇਸਲਾਮਾਬਾਦ : ਪੇਸ਼ਵਾਰ ਨਾਲ ਸਬੰਧਤ ਡਿਪਟੀ ਅਟਾਰਨੀ ਜਨਰਲ ਖੁਰਸ਼ੀਦ ਖ਼ਾਨ ਨੂੰ 'ਸੇਵਾ' ਕਰਨ ਬਦਲੇ ਪਾਕਿਸਤਾਨ ਦੀ ਸਰਕਾਰ ਨੇ ਅਹੁਦੇ ਤੋਂ ਹਟਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਖੁਰਸ਼ੀਦ ਖ਼ਾਨ ਨੇ ਭਾਰਤ ਦੀ ਯਾਤਰਾ ਦੌਰਾਨ ਦੋਵਾਂ ਦੇਸ਼ਾਂ ਵਿਚ ਅਮਨ ਤੇ ਆਪਸੀ ਭਾਈਚਾਰੇ ਦੀ ਕਾਮਨਾ ਕਰਦਿਆਂ ਭਾਰਤ ਦੇ ਗੁਰਦੁਆਰਿਆਂ ਤੇ ਮੰਦਰਾਂ ਵਿਚ ਭਾਂਡੇ ਮਾਂਜਣ ਤੇ ਜੋੜੇ ਝਾੜਨ ਦੀ ਸੇਵਾ ਕੀਤੀ ਸੀ।ਖੁਰਸ਼ੀਦ ਖ਼ਾਨ ਨੂੰ ਉਦੋਂ ਅਹੁਦੇ ਤੋਂ ਵੱਖ ਕਰ ਦਿੱਤਾ ਗਿਆ ਜਦੋਂ ਉਹ ਨੇਪਾਲ ਤੇ ਭੂਟਾਨ ਦੀ ਯਾਤਰਾ ਦੌਰਾਨ ਆਪਣੇ ਉਦੇਸ਼ ਨੂੰ ਲੈ ਕੇ ਮੰਦਰਾਂ ਵਿਚ ਸੇਵਾ ਕਰ ਰਿਹਾ ਸੀ। ਅਟਾਰਨੀ ਜਨਰਲ ਇਰਫ਼ਾਨ ਕਾਦਿਰ ਨੇ ਉਸ ਨੂੰ ਅਹੁਦੇ ਤੋਂ ਹਟਾਉਣ ਦੀ ਪੁਸ਼ਟੀ ਕਰਦਿਆ ਕਿਹਾ ਕਿ ਉਸ ਦੀ ਥਾਂ ਹੋਰ ਵਕੀਲ ਨੂੰ ਨਿਯੁਕਤ ਕਰ ਦਿੱਤਾ ਹੈ। ਸ੍ਰੀ ਕਾਦਿਰ ਨੇ ਕਿਹਾ ਕਿ ਡਿਪਟੀ ਅਟਾਰਨੀ ਜਨਰਲ ਦੀ ਅਸਾਮੀ ਪੱਕੀ ਨਹੀਂ ਹੈ ਤੇ ਇਹ ਤਿੰਨ ਸਾਲ ਲਈ ਹੁੰਦੀ ਹੈ। ਉਨ੍ਹਾਂ ਖੁਰਸ਼ੀਦ ਨੂੰ ਅਹੁਦੇ ਤੋਂ ਹਟਾਉਣ ਦਾ ਕੋਈ ਕਾਰਨ ਨਹੀਂ ਦੱਸਿਆ। ਇਸ ਘਟਨਾਕ੍ਰਮ ਤੋਂ ਤੁਰੰਤ ਬਾਅਦ ਸ੍ਰੀ ਖੁਰਸ਼ੀਦ ਜੋ ਇਸ ਵੇਲੇ ਕਾਠਮੰਡੂ ਵਿਚ ਸਨ, ਨੇ ਆਪਣਾ ਦੌਰਾ ਵਿਚਾਲੇ ਛੱਡਦਿਆਂ ਵਾਪਸ ਪਾਕਿਸਤਾਨ ਪੁੱਜਣ ਦਾ ਫੈਸਲਾ ਕੀਤਾ ਹੈ। ਖੁਰਸ਼ੀਦ ਨੇ ਖ਼ੁਦ ਨੂੰ ਅਹੁਦੇ ਤੋਂ ਹਟਾਉਣ ਪਿੱਛੇ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤੇ ਅਵਾਮੀ ਨੈਸ਼ਨਲ ਪਾਰਟੀ ਕਾਰਕੁਨ ਵੱਲੋਂ ਬਣਾਏ ਇਕ ਰੈਸਟੋਰੈਂਟ ਦੀਵਾਨ-ਏ-ਖਾਸ ਦਾ ਵਿਰੋਧ ਕਰਨਾ ਦੱਸਿਆ ਹੈ ਜੋ ਕਿ ਸਰਕਾਰੀ ਥਾਂ 'ਤੇ ਉਸਾਰਿਆ ਗਿਆ ਹੈ।ਜ਼ਿਕਰਯੋਗ ਹੈ ਕਿ ਖੁਰਸ਼ੀਦ ਖ਼ਾਨ ਉਦੋਂ ਚਰਚਾ ਵਿਚ ਆਇਆ ਸੀ ਜਦੋਂ ਉਸ ਨੇ ਜੋਗਾ ਸ਼ਾਹ ਗੁਰਦੁਆਰਾ ਪੇਸ਼ਾਵਰ ਵਿਚ ਸੇਵਾ ਕੀਤੀ ਸੀ। ਇਸ ਸਾਲ ਮਾਰਚ ਮਹੀਨੇ ਉਸ ਨੇ ਭਾਰਤ ਵਿਚ ਇਕ ਗੁਰਦੁਆਰੇ ਤੇ ਮੰਦਰ ਵਿਚ ਸੇਵਾ ਕੀਤੀ ਸੀ। ਇਸ ਦਾ ਕੱਟੜਪੰਥੀ ਵਕੀਲਾਂ ਨੇ ਸਖ਼ਤ ਵਿਰੋਧ ਕੀਤਾ ਸੀ ਤੇ ਪਾਕਿਸਤਾਨ ਸੁਪਰੀਮ ਕੋਰਟ ਦੀ ਬਾਰ ਕੌਂਸਲ ਨੇ ਇਸ ਬਦਲੇ ਉਸ ਨੂੰ ਮਾਣਹਾਨੀ ਦਾ ਨੋਟਿਸ ਜਾਰੀ ਕਰ ਦਿੱਤਾ ਸੀ।

